AKKHAND KIRTANI JATHA (REGD.)

# ਆਤਮ ਰੰਗ

AKKHAND KIRTANI JATHA (REGD.)

ਜਿਲਦ ੨੫ | ਮਈ 2024 | ਵੈਸਾਖ-ਜੇਠ 556 ਨਾਨਕਸ਼ਾਹੀ | May 2024 | ਅੰਕ 5

## ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਗੋਇੰਦਵਾਲ




ਪਵਿੱਤਰ ਇਤਿਹਾਸਕ ਨਗਰ ਸ੍ਰੀ ਗੋਇੰਦਵਾਲ ਸਾਹਿਬ ਨੂੰ ਸਿੱਖ ਧਰਮ ਦਾ ਪ੍ਰਚਾਰ-ਪ੍ਰਸਾਰ ਕੇਂਦਰ ਸਥਾਪਤ ਕੀਤਾ। ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ ਨੇ ਸੰਗਤਾਂ ਦੀ ਆਤਮਿਕ ਤੇ ਸੰਸਾਰਕ ਤ੍ਰਿਪਤੀ, ਤਨ-ਮਨ ਦੀ ਪਵਿੱਤਰਤਾ, ਊਚ-ਨੀਚ, ਜਾਤ-ਪਾਤ ਦੇ ਭੇਦਭਾਵ ਨੂੰ ਦੂਰ ਕਰਨ ਲਈ 84 ਪੌੜੀਆਂ ਵਾਲੀ ਬਾਉਲੀ ਸਾਹਿਬ ਦੀ ਰਚਨਾ ਕਰਵਾਈ। ਅੱਜ ਵੀ ਗੋਇੰਦਵਾਲ ਸਿੱਖੀ ਦਾ ਧੁਰਾ ਹੈ। ਸ੍ਰੀ ਗੁਰੂ ਅਮਰਦਾਸ ਮਹਾਰਾਜ ਜੀ 1552 ਈਸਵੀ ਵਿਚ ਇੱਥੇ ਹੀ ਗੁਰਗੱਦੀ 'ਤੇ ਬਿਰਾਜਮਾਨ ਹੋਏ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਵੀ ਇਸ ਸੁਹਾਵਨੀ ਧਰਤੀ ਤੇ ਹੋਇਆ।

**ਗੁਣ ਗਾਵਤ ਗਾਵਤੁ ਭਏ ਨਿਹਾਲਾ ॥**
**ਮਿਲਿ ਹਰਿ ਕੀਰਤਨੁ ਸੁਣੀਐ ਰਾਮ ॥**








ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ, ਮਿਤੀ 26.03.2024 ਤੋਂ ਲੈ ਕੇ 31.03.2024 ਸਵੇਰ ਤਕ ਅਖੰਡ ਕੀਰਤਨੀ ਜੱਥਾ, ਮੋਗਾ ਵੱਲੋਂ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਦੁਸਾਂਝ ਰੋਡ, ਮੋਗਾ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

੧ੳ ਠਾਕੁਰ ਗਾਈਐ ਆਤਮ ਰੰਗਿ ੧ੳ

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੫ ਮਈ 2024 ਵੈਸਾਖ-ਜੇਠ 556 ਨਾਨਕਸ਼ਾਹੀ May 2024 ਅੰਕ 5

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ


**ਮੁੱਖ ਸੰਪਾਦਕ**
ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ

**ਦਫ਼ਤਰ**
245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)
ਫ਼ੋਨ ਅਤੇ ਵਟਸਐਪ : 98143-00245, 75289-00045
**E-mail :** atamrang3@gmail.com
**Website :** www.akjatamrangmagazine.org



**ਸਲਾਹਕਾਰ**
ਭਾਈ ਕੁਲਵੰਤ ਸਿੰਘ, ਕਾਕੀ ਪਿੰਡ
ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ
ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ
ਭਾਈ ਗੁਰਬੱਚਨ ਸਿੰਘ, ਦਿਆਲਪੁਰ
ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ
ਭਾਈ ਪਰਮਿੰਦਰ ਸਿੰਘ, ਮੋਗਾ/ਸ਼ਿਕਾਗੋ

**ਕਾਨੂੰਨੀ ਸਲਾਹਕਾਰ**
ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ
ਐਡਵੋਕੇਟ ਭਾਈ ਬਲਜੀਤ ਸਿੰਘ ਖਾਲਸਾ



**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।


"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.), ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ

## ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *– ਗੁਰਪੁਰਵਾਸੀ ਪ੍ਰਿੰਸੀਪਲ ਗੰਗਾ ਸਿੰਘ ਜੀ*
- ਅਣਡਿੱਠੀ ਦੁਨੀਆ 7
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਸਿੱਖਾਂ ਦਾ 'ਆਦਰਸ਼' ਗੁਣਾਂ ਦੀ ਸਾਂਝ ਹੈ 9
  *– ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ*
- ਅੰਮ੍ਰਿਤਧਾਰੀ ਸਿੰਘ 14
  *– ਭਾਈ ਦਾਨ ਸਿੰਘ ਜੀ ਕੋਮਲ*
- ਪਤਿ ਵਿਣੁ ਪੂਜ 15
  *– ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ*
- ਖੰਡੇ ਦਾ ਅੰਮ੍ਰਿਤ 19
  *– ਭਾਈ ਸੁਖਦੇਵ ਸਿੰਘ ਜੀ*
- ਨਾਮ ਬਾਣੀ ਦਾ ਅਸਰ 20
  *– ਭਾਈ ਸੇਵਾ ਸਿੰਘ ਜੀ*
- ਸ੍ਰੀ ਗੁਰੂ ਅੰਗਦ ਦੇਵ ਜੀ 22
  *– ਪ੍ਰਿੰਸੀਪਲ ਕੁਲਦੀਪ ਸਿੰਘ ਜੀ*
- ਪੰਜ ਪਿਆਰੇ – ਗੁਰੂ–ਖਾਲਸਾ–ਪੰਥ ਦਾ ਪ੍ਰਗਾਸ 25
  *– ਡਾ. ਵਿਕਰਮ ਸਿੰਘ ਜੀ*
- ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਪਹਿਲੀ ਜੰਗ 27
  *– ਡਾ. ਜਸਵੰਤ ਸਿੰਘ ਜੀ ਜਸ*
- ਗੁਰੂ ਹਰਿ ਗੋਬਿੰਦ ਜੀ ਨਾਲ ਸੰਬੰਧਿਤ ਇਤਿਹਾਸਕ ਗੁਰਦੁਆਰਾ – ਗੁਰੂਸਰ ਸੁਤਲਾਣੀ 31
  *– ਭਾਈ ਮਨਜੀਤ ਸਿੰਘ ਜੀ*
- ਮਨ ਨੀਵਾਂ, ਮਤਿ ਉੱਚੀ 32
  *– ਡਾ. ਜਸਵੰਤ ਸਿੰਘ ਜੀ ਨੇਕੀ*
- ਸ਼ਹੀਦ ਭਾਈ ਮਨੀ ਸਿੰਘ ਜੀ 33
  *– ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ.*

## *ਸੰਪਾਦਕੀ...*

ਵੈਸਾਖ ੧, ਅਪ੍ਰੈਲ ੧੩ ਨੂੰ ਸਿੱਖ ਕੌਮ ਖਾਲਸੇ ਦਾ ੩੨੫ ਵਾਂ ਸਾਜਨਾ ਦਿਵਸ ਮਨਾ ਚੁੱਕੀ ਹੈ। ਜਾਹੋ ਜਲਾਅ ਵਾਲੇ ਖਾਲਸਾਈ ਕੌਤਕ ਅਨੰਦਪੁਰ ਸਾਹਿਬ ਵਿਚ ਇਸ ਵਾਰ ਵੀ ਵਰਤੇ ਹਨ। ਇਹੀ ਖਾਲਸੇ ਦਾ ਸਿਧਾਂਤ ਹੈ ਤੇ ਪਰੰਪਰਾ ਵੀ ਉਹੀ ਜੋ ਜੁਗਾ ਜੁਗਾਤਰਾਂ ਤੋਂ ਦਸ਼ਮੇਸ਼ ਪਿਤਾ ਜੀ ਨੇ ਥਾਪੜਾ ਦੇ ਕੇ ਆਰੰਭੀ ਸੀ। ਜਿਸਦੀ ਸ਼ੁਰੂਆਤ ਅਕਾਲ ਮੂਰਤਿ ਧੰਨ ਗੁਰੂ ਨਾਨਕ ਸਾਹਿਬ ਜੀ ਨੇ ੧੪੯੯ ਵਿਚ ਸੁਲਤਾਨਪੁਰ ਦੀ ਪਵਿੱਤਰ ਧਰਤੀ ਤੇ ਆਪਣੇ ਆਲੌਕਿਕ ਸੰਦੇਸ਼ ੴ ਨਾਲ ਕਰ ਦਿੱਤੀ ਸੀ। ਮਨੁੱਖਤਾ ਦਾ ਇਹ ਆਦਰਸ਼ ਜੋ ਅੱਗੇ ਜਾਕੇ ਦਸਵੀਂ ਜੋਤ ਦੇ ਜਰੀਏ ਸਿੱਖ ਕੌਮ ਨੂੰ 'ਖਾਲਸਾ' ਰੂਪ ਵਿਚ ਪ੍ਰਾਪਤ ਹੋਇਆ। ਸਨ ੧੪੯੯ ਈ. ਵਿਚ ਸ੍ਰੀ ਗੁਰੂ ਨਾਨਕ ਸਾਹਿਬ ਨੇ ਕੌਮ ਦਾ ਅਨੁਮਾਨ ਲਗਾਉਂਦਿਆਂ ਦੱਸਿਆ 'ਖਤ੍ਰੀਆ ਤ ਧਰਮ ਛੋਡਿਆ ਮਲੇਛ ਭਾਖਿਆ ਗਹੀ।'

ਉਹਨਾਂ ਅਨੁਸਾਰ ਜਿਹਨਾਂ ਖਤਰੀਆਂ ਦਾ ਧਰਮ, ਦੇਸ਼ ਕੌਮ ਦੀ ਰੱਖਿਆ ਕਰਨਾ ਸੀ ਉਹ ਹੁਣ ਆਪਣਾ ਧਰਮ ਨਿਭਾਉਣ ਤੋਂ ਅਸਮਰਥ ਦਿਸਦੇ ਹਨ ਤੇ ਇਹਨਾਂ ਨੇ ਅਧੀਨਤਾ ਕਬੂਲ ਕਰਨੀ ਵੀ ਸਿੱਖ ਲਈ ਹੈ।

ਪਰ ਸਨ ੧੬੯੯ ਈ. ਤੱਕ ਆਉਂਦਿਆਂ-ਆਉਂਦਿਆਂ ਦਸ਼ਮੇਸ਼ ਜੀ ਦੇ ਥਾਪੜੇ ਨੇ ਖੰਡੇ-ਬਾਟੇ ਦੀ ਪਾਹੁਲ ਚੋਂ ਹੁਣ ਨਵੇਂ ਖਤਰੀ ਪੈਦਾ ਕਰ ਦਿੱਤੇ ਸਨ, ਜਿਹਨਾਂ ਦੀ ਸੂਰਬੀਰਤਾ ਦਾ ਸਬੂਤ ਗੁਰੂ ਸਾਹਿਬ ਦੇ ਯੁੱਧਾਂ-ਜੰਗਾਂ ਚੋਂ ਪਰਤੀਤ ਹੋ ਵੀ ਗਿਆ ਸੀ।

ਸਨ ੧੬੯੯ ਈ. ਤੋਂ ਕੌਮ ਨੂੰ ਇੱਕ ਵਿਸ਼ੇਸ਼ ਰਹਿਤ ਅਧੀਨ ਕਰਕੇ ਗੁਰੂ ਦਸਮੇਸ਼ ਜੀ ਨੇ ਜੁਗਾਂ ਤੋਂ ਮਨੁੱਖਤਾ ਅੰਦਰ ਚਲੀਆਂ ਆ ਰਹੀਆਂ ਕੁਰਹਿਤਾਂ ਤੋਂ ਨਿਜਾਤ ਦਿਵਾਈ ਹੁਣ ਸਿੱਖ ਰਹਿਤ-ਮਰਿਆਦਾ ਅਧੀਨ ਸੀ ਅਤੇ ਉਸਦਾ ਕੇਸ਼ਾਧਾਰੀ ਤੇ ਸ਼ਸਤਰਧਾਰੀ ਹੋਣਾ ਲਾਜਮੀ ਸੀ। ਹੁਣ ਸਿੱਖ ਧਰਮ ਨਾ ਕੇਵਲ ਆਪਣੀ ਧਾਰਮਿਕ ਵਿਚਾਰਧਾਰਾ ਕਰਕੇ ਬਲਕਿ ਬਾਹਰੀ ਦਿੱਖ ਕਰਕੇ ਵੀ ਭਾਰਤੀ ਸਮਾਜ ਵਿਚ ਉੱਤਮ ਤੇ ਵੱਖਰੀ ਦਿੱਖ ਦਾ ਮਾਲਕ ਬਣ ਗਿਆ ਸੀ।

ਪੰਥ ਖਾਲਸੇ ਦੀ ਸਥਾਪਤੀ ਨੇ ਸਮਾਜ ਨੂੰ ਇੱਕ ਐਸੀ ਜਥੇਬੰਦੀ ਦੀ ਹੋਂਦ ਬਖਸ਼ੀ ਜੋ ਸੱਭਿਅਕ ਵੀ ਸੀ ਤੇ ਗਿਆਨ ਦਾ ਭੰਡਾਰ ਵੀ। ਜੋ ਜੁਝਾਰੂ ਵੀ ਸੀ ਤੇ ਅੱਤਿਆਚਾਰ ਅਤੇ ਬੇਇਨਸਾਫੀ ਨੂੰ ਦੂਰ ਕਰਨਾ ਆਪਣਾ ਇੱਖਲਾਕੀ ਫਰਜ਼ ਵੀ ਸਮਝਦਾ ਸੀ।

ਪਰ ਆਧੁਨਿਕ ਯੁੱਗ ਤੱਕ ਪਹੁੰਚਦਿਆਂ ਸਿੱਖ ਅਤੇ ਸਿੱਖੀ ਦਾ ਸਿਧਾਂਤਕ ਸਫਰਨਾਮਾ ਤਬਦੀਲ ਹੋਇਆ ਹੈ। ਸਾਲ ੨੦੨੪ ਵਿਚ ਖਾਲਸਾ ੩੨੫ ਵਰ੍ਹਿਆਂ ਦਾ ਹੋ ਗਿਆ। ਸਿੱਖ ਦੇ ਹਾਲਾਤ ਆਧੁਨਿਕ ਤਾਂ ਹੋ ਗਏ ਹਨ ਪਰ ਪੜਚੋਲ ਕਰਨ ਤੋਂ ਜਾਪਦਾ ਹੈ ਕਿ ਸਿਧਾਂਤ ਦੀ ਪਹਿਰੇਦਾਰੀ ਵਿਚ ੩੨੫ ਵਰ੍ਹੇ ਪਹਿਲਾਂ ਵਾਲਾ ਸਿੱਖ ਵਧੇਰੇ ਪ੍ਰਭਾਵੀ ਤੇ ਜੁਝਾਰੂ ਸੀ ਭਾਵੇਂ ਦੁਨਿਆਵੀ ਤਕਨੀਕਾਂ ਦਾ ਅੱਜ ਕੋਈ ਅੰਤ ਨਹੀਂ ਅਤੇ ਗੁਰੂ ਰੂਪ ਖਾਲਸਾ ਵੀ ਇਸ ਕਾਰਜ ਵਿਚ ਮੂਹਰਲੀ ਕਤਾਰ ਵਿਚ ਨਜ਼ਰ ਆਉਂਦਾ ਹੈ ਪਰ ਸਵੈਮਾਨ ਅਤੇ ਰਹੁਰੀਤਾਂ ਦਾ ਨਵੀਨੀਕਰਨ, ਸਿੱਖ ਨੂੰ ਆਧੁਨਿਕਤਾ ਦੇ ਪ੍ਰਕਾਸ਼ ਅੰਦਰ ਕੈਦ ਨਾ ਕਰ ਲਵੇ ਇਸ ਲਈ ਕੌਮ ਨੂੰ ਉਸਾਰੂ ਯਤਨ ਆਰੰਭ ਕਰ ਦੇਣੇ ਚਾਹੀਦੇ ਹਨ।

ਖਾਲਸੇ ਨੇ ੧੨ ਮਈ ਯਾਨੀ ਕਿ ੩੦ ਵੈਸਾਖ ਨੂੰ 'ਸਰਹਿੰਦ ਫਤਹਿ ਦਿਵਸ' ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਹਨ। ਗੁਰੂ ਸਾਹਿਬ ਦੇ ਨਿਸ਼ਾਨੇ ਅਨੁਸਾਰ –

***ਜੇ ਜੀਵੈ ਪਤਿ ਲਥੀ ਜਾਇ॥***
***ਸਭੁ ਹਰਾਮੁ ਜੇਤਾ ਕਿਛੁ ਖਾਇ॥*** ***ਅੰਗ – ੧੪੨***

ਉਹ ਜੀਵਨ ਹੀ ਹਰਾਮ ਹੈ ਜੋ ਬੇਗੈਰਤੀ ਅਤੇ ਨਿਰਾਦਰ ਵਿਚ ਜੀਵਿਆ ਜਾਵੇ। ਸੋ ਬੇਗੈਰਤੀ ਤੋਂ ਕੋਹਾਂ ਦੂਰ ਖਾਲਸਾ ਕੌਮ ਨੇ ਸਰਹਿੰਦ ਫਤਹਿ ਕਰਕੇ ਖਾਲਸੇ ਦੀ ਗੈਰਤਮੰਦੀ ਦਾ ਜੋ ਲਾ-ਮਿਸਾਲ ਸਬੂਤ ਦਿੰਦੇ ਹੋਏ ਦਸਮੇਸ਼ ਪਿਤਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪੂਜਨੀਕ ਮਾਤਾ ਜਗਤ ਮਾਤਾ, ਗੁਜਰੀ ਜੀ, ਬਾਬਾ ਜੋਰਾਵਰ ਸਿੰਘ ਸਾਹਿਬ ਜੀ ਅਤੇ ਬਾਬਾ ਫਤਹਿ ਸਿੰਘ ਸਾਹਿਬ ਜੀ ਨੂੰ ਦਿੱਤੇ ਤਸੀਹਿਆਂ ਦਾ ਹਿਸਾਬ ਸੂਬਾ-ਸਰਹਿੰਦ ਦੀ ਗਰਦਨ ਉਤਾਰ ਕੇ ਕੀਤਾ ਹੈ, ਕੌਮ ਉਸ ਸ਼ਾਨਾਮੱਤੇ ਇਤਿਹਾਸਿਕ ਦਿਹਾੜੇ ਨੂੰ ਮਨਾਉਣ ਜਾ ਰਹੀ ਹੈ। ਅਦਾਰਾ ਆਤਮ ਰੰਗ ਗੁਰੂ ਸਾਹਿਬ ਦੇ ਦਰਸਾਏ ਮਾਰਗ –

***ਧਰਮ ਚਲਾਵਨ ਸੰਤ ਉਬਾਰਨ॥***
***ਦੁਸਟ ਸਭਨ ਕੋ ਮੂਲ ਉਪਾਰਨ॥*** ***ਬਚਿੱਤ੍ਰ ਨਾਟਕ***

ਅਨੁਸਾਰ ਕੌਮ ਨੂੰ ਹੋਰ ਗੈਰਤਮੰਦੀ ਤੇ ਚੜਦੀਕਲਾ ਦਾ ਸੁਨੇਹਾ ਦਿੰਦਿਆਂ 'ਛੋਟਾ ਘਲੂਘਾਰਾ ਕਾਹਨੂੰਵਾਲ' ੧੯ ਮਈ ਦੇ ਸ਼ਹੀਦਾਂ ਨੂੰ ਨਮਨ ਕਰਦਾ ਹੈ ਜੀ।

# ਬਾਰਹ ਮਾਹ ਕਥਾ

*[ਡਾ. ਤਾਰਨ ਸਿੰਘ ਜੀ, ਪਟਿਆਲਾ]*

***ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥ ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥ ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥ ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥ ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥ ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥ ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥ ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ।। ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥ ਅੰਗ - 134***

**ਅਰਥ**

ਬਾਰਹਮਾਹਾ ਮਾਂਝ ਦੀ ਇਸ ਪਉੜੀ ਦੇ ਸਰਲ ਅੱਖਰੀ ਅਰਥ ਇਸ ਪ੍ਰਕਾਰ ਹਨ -

1) ਜੇਠ ਦੇ ਮਹੀਨੇ, ਭਾਵ ਜੀਵਨ ਵਿਚ ਹਰੀ ਪਰਮਾਤਮਾ ਨਾਲ ਜੁੜਨਾ ਚਾਹੀਦਾ ਹੈ, ਉਸ ਪਰਮਾਤਮਾ ਨਾਲ ਜਿਸ ਦੇ ਸਾਹਮਣੇ ਸਾਰੀ ਸ੍ਰਿਸ਼ਟੀ ਦੇ ਜੀਵ ਝੁਕਦੇ ਹਨ।

2) ਜੇ ਪਰਮਾਤਮਾ ਸੱਜਣ ਦਾ ਪੱਲਾ ਪਕੜ ਲਈਏ ਤਾਂ ਕੋਈ ਤਾਕਤ ਸਾਨੂੰ ਦੁਖਾ ਨਹੀਂ ਸਕਦੀ।

3) ਪਰਮਾਤਮਾ ਦਾ ਨਾਮ ਐਸਾ ਧਨ (ਮਾਣਕ ਮੋਤੀ) ਹੈ ਜਿਸ ਨੂੰ ਕੋਈ ਸੰਨ੍ਹ ਮਾਰ ਕੇ ਸਾਡੇ ਹਿਰਦੇ ਵਿੱਚੋਂ ਚੁਰਾ ਨਹੀਂ ਸਕਦਾ।

4) ਸਾਰਾ ਜਗਤ ਤਮਾਸ਼ਾ ਪਰਮਾਤਮਾ ਦਾ ਹੀ ਹੈ ਜੋ ਕਿ ਮਨ ਨੂੰ ਚੰਗਾ ਲੱਗਦਾ ਹੈ।

5) ਜੋ ਹਰੀ ਪਰਮਾਤਮਾ ਚਾਹੁੰਦਾ ਹੈ, ਉਹ ਕਰਦਾ ਹੈ, ਤੇ ਜੋ ਉਹ ਚਾਹੁੰਦਾ ਹੈ ਜੀਵ ਵੀ ਉਹ ਕੁਝ ਹੀ ਕਰਦੇ ਹਨ।

6) ਉਹ ਜੀਵ ਧੰਨ ਹਨ ਜਿਨ੍ਹਾਂ ਨੂੰ ਪਰਮਾਤਮਾ ਨੇ ਆਪਣਾ ਬਣਾ ਲਿਆ ਹੈ।

7) ਜੇ ਪ੍ਰਭੂ ਆਪਣੇ ਯਤਨ ਨਾਲ ਮਿਲ ਸਕਦਾ ਹੋਵੇ ਤਾਂ ਜੀਵ ਉਸ ਤੋਂ ਵਿਛੜ ਕੇ ਦੁਖੀ ਕਿਉਂ ਹੋਣ?

8) ਉਹ ਤਾਂ ਗੁਰੂ ਦੀ ਸੰਗਤ ਨਾਲ ਮਿਲਦਾ ਹੈ ਤੇ ਜੋ ਗੁਰੂ ਦੀ ਸੰਗਤ ਵਿਚ ਹਨ ਉਹ ਪਰਮਾਤਮਾ ਦੇ ਪ੍ਰੇਮ ਦਾ ਰੰਗ ਮਾਣਦੇ ਹਨ।

9) ਉਸ ਜੀਵ-ਇਸਤਰੀ ਲਈ ਜੇਠ ਦਾ ਮਹੀਨਾ ਚਾਵਾਂ ਖ਼ੁਸ਼ੀਆਂ ਭਰਿਆ ਹੈ, ਜਿਸ ਦੇ ਮਸਤਕ ਦੇ ਭਾਗ ਚੰਗੇ ਹਨ।

# ਸਿਖ ਮਰਯਾਦਾ

- ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਮਤ ਦਾ ਇਸ ਵੇਲੇ ਇੱਕੋ ਇਕ ਗੁਰੂ ਹੈ, ਕੇਵਲ ਇਸ ਬਿਨਾਂ ਕਿਸੇ ਹੋਰ ਨੂੰ ਮੱਥਾ ਟੇਕਣਾ, ਖ਼ਾਸ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿਚ, ਜਾਂ ਕਿਸੇ ਨੂੰ ਗੁਰੂ ਗ੍ਰੰਥ ਸਾਹਿਬ ਜੀ ਤੋਂ ਵਧੀਕ ਸਤਿਕਾਰ ਦੇਣਾ ਬੇਅਦਬੀ ਹੈ, ਮਨਮੁਖਤਾ ਹੈ।
- ਕਿਸੇ ਮਨੁੱਖ ਦਾ ਸਤਿਗੁਰਾਂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੇ ਪ੍ਰਕਾਸ਼ ਸਮੇਂ ਜਾਂ ਸੰਗਤਿ ਵਿਚ ਗਦੇਲਾ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬਹਿਣਾ ਜਾਂ ਬਹਾਉਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬਹਿਣਾ ਜਾਂ ਬਹਾਉਣਾ ਮਨਮਤ ਹੈ।
- ਸੰਗਤਿ ਵਿਚ ਜਾਂ ਸਤਿਗੁਰਾਂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੇ ਪ੍ਰਕਾਸ਼ ਸਮੇਂ ਕਿਸੇ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ। ਸੰਗਤ ਵਿਚ ਸਿਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ।
- ਬੀਬੀਆਂ ਜਾਂ ਗ਼ੈਰ-ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅਤੇ ਗੁਰਦੁਆਰੇ ਵਿਚ ਸਿਰ ਢੱਕ ਕੇ ਬਹਿਣਾ ਚਾਹੀਦਾ ਹੈ।



# ਅਣਡਿੱਠੀ ਦੁਨੀਆ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*



ਜਿਨ੍ਹਾਂ ਨੇ ਗੁਰਦੀਖਿਆ ਲੈ ਕੇ, ਗੁਰੂ ਸਿਖ ਬਣ ਕੇ, ਗੁਰਮਤਿ ਨਾਮ ਨਹੀਂ ਧਿਆਇਆ, ਤਿਨ੍ਹਾਂ ਮਨਮੁਖਾਂ ਨੇ ਮਨੁੱਖਾ ਜਨਮ ਬਿਰਥਾ ਹੀ ਗਵਾਇਆ ਹੈ। ਓਨ੍ਹਾਂ ਦਾ ਅੱਗਾ ਭੀ ਬੜਾ ਦੁਖਦਾਈ ਹੋਵੇਗਾ, ਕਿਉਂਕਿ ਅਗੇ ਅਗਲੀ ਦਰਗਾਹ ਵਿਚ ਨਾਮ ਤੋਂ ਬਿਨਾਂ ਕੋਈ ਭੀ ਬੇਲੀ ਨਹੀਂ। ਜਿਨ੍ਹਾਂ ਨੇ ਐਥੇ ਨਾਮ ਨਹੀਂ ਜਪਿਆ ਤਾਂ ਅੱਗੇ ਚਲ ਕੇ ਓਹਨਾਂ ਦੀ ਸਹਾਇਤਾ ਕਿਸਨੇ ਕਰਨੀ ਹੈ? ਸਹਾਈ ਕੇਵਲ ਇਕ ਨਾਮ ਨੇ ਹੀ ਹੋਣਾ ਹੈ। ਅਗਲੀ ਦਰਗਾਹੇ ਛੁਡਾਉਣਹਾਰਾ ਸਚਾ ਬੇਲੀ ਸਹਾਈ ਇਕ ਨਾਮ ਹੀ ਹੈ, ਹੋਰ ਕੋਈ ਨਹੀਂ।

ਇਸ ਜਗ ਵਿਚ ਤਾਂ ਚਾਰ ਦਿਹਾੜੇ ਹੀ ਰਹਿਣਾ ਵਸਣਾ ਹੈ। ਜਿਥੇ ਜਾ ਕੇ ਅਗਲੀ ਦਰਗਾਹ ਰੂਪੀ ਘਰ ਵਿਚ ਰਹਿਣਾ ਵਸਣਾ ਹੈ, ਸੋ ਘਰ ਤਾਂ ਚਿੱਤ ਚੇਤੇ ਹੀ ਨਹੀਂ। ਜਿੱਥੇ ਜਾਣਾ ਹੈ, ਸੋ ਥਾਉਂ ਹੀ ਤਿਨ੍ਹਾਂ ਨੂੰ ਵਿਸਰਿਆ ਹੋਇਆ ਹੈ ਤੇ ਅਗੇ ਵਸਣ ਵਾਲੇ ਥਾਉਂ ਵਿਖੇ ਮਨਮੁਖਾਂ ਨੇ ਮਨ ਨਹੀਂ ਲਾਇਆ –

*ਜਿਹ ਘਰ ਮਹਿ ਤੁਧੁ ਰਹਨਾ ਬਸਨਾ*
*ਸੋ ਘਰੁ ਚੀਤਿ ਨ ਆਇਓ॥੩॥*
*ਜਹਾ ਜਾਣਾ ਸੋ ਥਾਨੁ ਵਿਸਾਰਿਓ*
*ਇਕ ਨਿਮਖ ਨਹੀ ਮਨੁ ਲਾਇਓ॥੫॥(੮॥੧)*

*ਅੰਗ – ੧੦੧੨*

ਹਰਿ ਦਰਗਾਹੀ ਪਤਿ ਸਿਉਂ ਲੈ ਜਾਣ ਵਾਲਾ ਇਕ ਨਾਮ ਹੀ ਹੈ। ਕਲਿਜੁਗ ਅੰਦਰ ਕੇਵਲ ਕੀਰਤਨ ਹੀ ਪਰਧਾਨ ਹੈ। ਕੀਰਤਨ ਦੇ ਪਰਤਾਪ ਕਰਕੇ ਹੀ ਗੁਰਮੁਖਾਂ ਦਾ ਨਾਮ ਵਿਚ ਸਹਿਜ-ਧਿਆਨ ਲਗ ਜਾਂਦਾ ਹੈ। ਧਿਆਨ ਲਾ ਕੇ ਨਾਮ ਜਪਿਆਂ ਆਪ ਤਰਨ ਤੇ ਅਵਰਾਂ ਨੂੰ ਨਿਸਤਾਰਨ ਵਾਲਾ ਗੁਰਮੁਖ- ਜੀਵਨ ਪਰਗਟਦਾ ਹੈ। ਯਥਾ ਗੁਰਵਾਕ –

*ਕਲਿਜੁਗ ਮਹਿ ਕੀਰਤਨੁ ਪਰਧਾਨਾ॥*
*ਗੁਰਮੁਖਿ ਜਪੀਐ ਲਾਇ ਧਿਆਨਾ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ॥੬॥*

*ਅੰਗ – ੧੦੭੫-੭੬*

ਸਤਿਗੁਰੂ ਰੂਪੀ ਸਚੇ ਬੋਹਿਥ ਤੇ ਚੜ੍ਹਿਆਂ, ਅਰਥਾਤ ਸਤਿਗੁਰੂ ਦੇ ਸਾਜੇ ਸਚੇ ਨਾਮ-ਅੰਮ੍ਰਿਤ ਤੇ ਸਵਾਰ ਹੋਇਆਂ ਲਹਿਰਾਂ ਮਾਰਦੇ ਭਵ-ਸਾਗਰ ਵਿਚ ਡੁਬਣ ਦਾ ਖ਼ਤਰਾ ਨਹੀਂ, ਨ ਕਿਤੇ ਠਾਕ ਹੀ ਪੈਂਦੀ ਹੈ। ਨਿਰਭਉ ਹੋਏ ਸਚ-ਮਾਰਗ ਬੋਹਿਥ ਤੇ ਸਵਾਰ ਹੋਏ ਸਫ਼ਰ ਕਰੀ ਜਾਈਦਾ ਹੈ, ਕਿਉਂਕਿ ਬੋਹਿਥ ਦੇ ਬਾਂਗੀ-ਸਤਿਗੁਰ ਦੀ ਸਚੀ ਧੀਰਜ ਹੁੰਦੀ ਹੈ। ਥਾਂਗੀ-ਸਤਿਗੁਰ ਐਸੇ ਦਰ ਤੇ ਲੈ ਜਾ ਕੇ ਉਤਾਰਦਾ ਹੈ, ਜਿਥੇ ਅਗੇ ਜੋਤੀ ਸਰੂਪ ਵਾਹਿਗੁਰੂ, ਗੁਰੂ ਵਾਹਿਗੁਰੂ, ਪਰਤੱਖ ਸਨਮੁਖ ਦਿਦਾਰੇ ਦਿੰਦਾ ਦਿਸ ਪੈਂਦਾ ਹੈ। ਨਦਰੀ ਹੀ ਇਹ ਦਾਤ, ਦਰਗਾਹ ਮਾਨ ਵਾਲੀ ਪਾਈਦੀ ਹੈ।

*ਚੜਿ ਬੋਹਿਥੈ ਚਾਲਸਉ ਸਾਗਰੁ ਲਹਰੀ ਦੇਇ॥*
*ਠਾਕ ਨ ਸਚੈ ਬੋਹਿਥੈ ਜੇ ਗੁਰੁ ਧੀਰਕ ਦੇਇ॥*
*ਤਿਤੁ ਦਰਿ ਜਾਇ ਉਤਾਰੀਆ ਗੁਰੁ ਦਿਸੈ ਸਾਵਧਾਨੁ॥*
*ਨਾਨਕ ਨਦਰੀ ਪਾਈਐ ਦਰਗਹ ਚਲੈ ਮਾਨੁ॥੩॥(੨)*

*ਅੰਗ – ੧੦੮੨*

ਗੁਰਮਤਿ ਜੁਗਤਿ ਵਿਹੂਣੇ, ਗੁਰ-ਦੀਖਿਆ ਹੀਣੇ ਜੋ ਨਿਗੁਰੇ ਮਨਮੁਖ, ਜੋਗੀ ਬਣ ਕੇ ਜਗ ਵਿਚ ਭਉਂਦੇ ਫਿਰਦੇ ਹਨ ਤੇ ਘਰ ਘਰ ਭੀਖਿਆ ਮੰਗਦੇ ਫਿਰਦੇ ਹਨ, ਓਹਨਾਂ ਤੋਂ ਜਦੋਂ ਅਗਲੀ ਦਰਗਾਹੇ ਲੇਖਾ ਮੰਗਿਆ ਜਾਸੀ, ਤਾਂ ਕਿਸ ਕਿਸ ਦਾ ਰਿਣ ਉਤਾਰਨਗੇ? ਜੈਸਾ ਕਿ ਅਗਲਾ ਗੁਰਵਾਕ ਬੁਝਾਉਂਦਾ ਹੈ –

*ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ॥*
*ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ॥੧॥(੯)*

*ਅੰਗ – ੧੦੮੯*

ਜਿਹੜੇ ਗੁਰਮੁਖ ਜਨ ਗੁਰਮਤਿ ਜੁਗਤ ਵੀਚਾਰ ਦੁਆਰਾ ਮਨ ਮਾਰ ਕੇ ਵਾਹਿਗੁਰੂ ਦਾ ਜਾਪ ਜਪਦੇ ਹਨ, ਸੇਈ ਹਰਿ ਦਰਗਹਿ ਸਿਝਦੇ ਹਨ -

*ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ॥੧੧॥*
*ਅੰਗ - ੧੦੯੦*

ਹੁਕਮ ਰਜਾਈ ਸਾਖਤੀਆਂ, ਗੁਰਮੁਖ ਦਿਲ-ਰਾਸੀਆਂ ਦਾ ਕਿਆ ਸੋਹਣਾ ਦ੍ਰਿਸ਼ ਅਗਲੇ ਵਾਕ ਅੰਦਰ ਦਰਸਾਇਆ ਹੈ -

*ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ॥*
*ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ॥*
*ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ॥*
*ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ॥੧॥(੧੨)*
*ਅੰਗ - ੧੦੯੦*

ਅਰਥਾਤ, ਅਗਲੀ ਦਰਗਾਹ ਅੰਦਰ ਹੁਕਮ ਰਜ਼ਾਈ ਸਾਖਤੀ ਵਾਲਾ ਸਚੁ (ਗੁਰਮਤਿ ਨਾਮ) ਹੀ ਕਬੂਲ ਪੈਂਦਾ ਹੈ। ਇਸ ਗੁਰਮਤਿ ਨਾਮ ਤੋਂ ਵਿਹੂਣਿਆਂ ਦਾ ਸਚੇ ਸਾਹਿਬ ਦੀ ਦਰਗਾਹ ਵਿਚ ਜ਼ਰੂਰ ਲੇਖਾ ਮੰਗਿਆ ਜਾਵੇਗਾ। ਮਤ ਕੋਈ ਏਸੇ ਦੁਨੀਆ ਨੂੰ ਦੇਖ ਕੇ ਭੁਲੇ ਤੇ ਗੁਮਾਨ ਕਰੇ ਕਿ 'ਇਹ ਜਗ ਮਿੱਠਾ ਤੇ ਅਗਲਾ ਕਿਨ੍ਹ ਡਿੱਠਾ'; ਏਸ ਭਰਮ ਭੁਲਾਵੇ, ਦੁਨੀਆ ਦੀਆਂ ਮੌਜਾਂ ਮਾਨਣ ਵਿਚ ਹੀ ਮਦਹੋਸ਼ ਹੋਇਆ ਫਿਰੇ ਤੇ ਮਨ ਦੀਆਂ ਖੁਲ੍ਹੀਆਂ ਵਾਗਾਂ ਛਡ ਦੇਵੇ। ਅਜਿਹੇ ਵਿਸ਼ੇ ਵਿਕਾਰੀਆਂ ਦਾ ਦਰਗਾਹ ਵਿਚ ਲੇਖਾ ਜ਼ਰੂਰ ਹੋਵੇਗਾ। ਜਿਨ੍ਹਾਂ ਮਨ ਦੀਆਂ ਵਾਗਾਂ ਨਹੀਂ ਰੋਕੀਆਂ ਤੇ ਆਪਣੇ ਮਨ ਤੇ ਪਹਿਰਾ ਨਹੀਂ ਦਿਤਾ, ਤਿਨ੍ਹਾਂ ਨੂੰ ਦਰਗਾਹ ਵਿਚ ਸਜ਼ਾ ਜ਼ਰੂਰ ਮਿਲੇਗੀ। ਜਿਨ੍ਹਾਂ ਮਨ ਜਿਣਨਹਾਰੇ ਗੁਰਮੁਖਾਂ ਨੇ ਦਿਲ ਦੀ ਦਰਬਾਨੀ ਕੀਤੀ ਹੈ, ਆਪਣੇ ਦਹਿਦਿਸ ਧਾਵਣਹਾਰੇ ਮਨ ਉਤੇ ਪੱਕਾ ਪਹਿਰਾ ਦਿਤਾ ਹੈ ਅਤੇ ਦੁਨੀਆ ਤੋਂ ਨਿਵਿਰਤੀ ਵਾਲਾ, ਸਚ ਵੈਰਾਗ, ਗ੍ਰਿਹਸਤ ਉਦਾਸ, ਦਰਵੇਸ਼ੀ ਦਿਲ ਰਾਸ ਵਾਲਾ ਧਾਰਿਆ ਹੈ, ਤਿਨ੍ਹਾਂ ਨੇ ਸਚਾ ਰੱਬੀ ਇਸ਼ਕ ਮੁਹੱਬਤੀ ਜੀਵਨ ਜੀਵਿਆ ਹੈ, ਤਿਨ੍ਹਾਂ ਦਾ ਹੀ ਸਿੱਧਾ ਕਰਤੇ ਪੁਰਖ ਪ੍ਰੀਤਮ ਦੇ ਦਰ ਤੇ ਸਿੱਝਣਾ ਹੋਇਆ ਹੈ। ਕਰਤੇ ਦੇ ਦਰ-ਲੇਖੀਆਂ (ਦਰ ਤੋਂ ਪਰਵਾਨ ਪਇਆਂ) ਦਾ ਲੇਖਾ ਕਿਸ ਨੇ ਲੈਣਾ ਹੈ, ਕੋਈ ਨਹੀਂ ਲੈ ਸਕਦਾ। ਦਰਗਹਿ ਸਿੱਝਣ ਸੀਝਿਆਂ ਤੋਂ ਲੇਖਾ -

*ਜਿਨ ਜਪਿਆ ਹਰਿ ਤੇ ਮੁਕਤ ਪ੍ਰਾਣੀ*
*ਤਿਨ ਕੇ ਊਜਲ ਮੁਖ ਹਰਿ ਦੁਆਰਿ॥*
*ਓਇ ਹਲਤਿ ਪਲਤਿ ਜਨ ਭਏ ਸੁਹੇਲੇ*
*ਹਰਿ ਰਾਖਿ ਲੀਏ ਰਖਨਹਾਰਿ॥੨॥੪॥੩)*
*ਅੰਗ - ੧੧੧੫*

ਮੁਕਤ ਪਦ ਅਭਿਆਸੀ ਜਨਾਂ ਨੂੰ ਹੀ ਮਿਲਦਾ ਹੈ। ਗੁਰਮਤਿ ਨਾਮ ਦੇ ਅਭਿਆਸੀ ਜਨਾਂ ਦੇ ਹਰਿ ਦਰਗਹਿ ਮੁਖ ਉਜਲੇ ਹੁੰਦੇ ਹਨ ਤੇ ਉਹ ਇਸ ਲੋਕ ਤੇ ਪਰਲੋਕ ਵਿਚ ਸਦਾ ਸੁਹੇਲੇ ਰਹਿੰਦੇ ਹਨ। ਰਖਣਹਾਰ ਗੁਰੂ ਕਰਤਾਰ ਉਨ੍ਹਾਂ ਦੀ ਇਸ ਲੋਕ ਵਿਚ ਭੀ ਤੇ ਅਗਲੇ ਪਰਲੋਕ ਵਿਚ ਭੀ ਰਖਿਆ ਕਰਦਾ ਹੈ।

ਨਾਮ ਨਿਧਾਨ ਦੀ ਮਿਲਖ ਜਿਨ੍ਹਾਂ ਦੇ ਭਾਗਾਂ ਵਿਚ ਲਿਖੀ ਹੁੰਦੀ ਹੈ, ਸੇਈ ਜਨ ਅਗਲੀ ਦਰਗਾਹ ਅੰਦਰ ਮਾਨ ਪਾਉਂਦੇ ਹਨ। ਸੁਖ ਸਹਿਜ ਸੇਤੀ ਅਨੰਦ ਮਗਨ ਹੋਇ ਗੁਣ ਗਾਉਣਹਾਰਿਆਂ ਨੂੰ ਅਗੇ (ਅਗਲੀ ਦਰਗਾਹ) ਚਲ ਕੇ ਖ਼ਾਸ ਥਾਉਂ ਮਿਲਦਾ ਹੈ। ਐਥੇ ਚਾਹੇ ਉਹ ਨਿਥਾਵੇਂ ਹੀ ਹੋਣ। ਗੁਰਵਾਕ -

*ਜਿਨ ਕਉ ਲਿਖਿਆ ਹਰਿ ਏਹੁ ਨਿਧਾਨੁ॥*
*ਸੇ ਜਨ ਦਰਗਹ ਪਾਵਹਿ ਮਾਨੁ॥*
*ਸੁਖ ਸਹਜ ਆਨੰਦ ਗੁਣ ਗਾਉ॥*
*ਆਗੈ ਮਿਲੈ ਨਿਥਾਵੇ ਥਾਉ॥੨॥੪॥੧੬॥੨੯)*
*ਅੰਗ - ੧੧੪੩*

ਸਾਕਤ, ਮਨਮੁਖ, ਨਾਸਤਕ ਦਾ ਹੈ। ਗੁਰ ਪੂਰੇ ਬਿਨਾਂ ਮੁਕਤੀ ਕਿਸੇ ਦੀ ਵੀ ਨਹੀਂ ਹੁੰਦੀ ਅਤੇ ਸਾਕਤ ਲੋਕ ਤਾਂ ਉੱਥੇ ਤਕ ਜਾ ਹੀ ਨਹੀਂ ਪਾਉਂਦੇ, ਜਿਤਨਾ ਭੀ ਆਚਾਰ ਕਰਮ ਹੈ, ਸਭ ਝੂਠ ਨਹੀਂ ਹੋ ਸਕਦਾ। ਸਚੀ ਦਰਗਾਹ ਠਾਕੇ ਜਾਂਦੇ ਹਨ। ਗੁਰਵਾਕ -

*ਹਰਿ ਕੇ ਨਾਮ ਬਿਨਾ ਸਭ ਝੂਠੁ॥*
*ਬਿਨੁ ਗੁਰ ਪੂਰੇ ਮੁਕਤਿ ਨ ਪਾਈਐ*
*ਸਾਚੀ ਦਰਗਹਿ ਸਾਕਤ ਮੂਠੁ॥੧॥ਰਹਾਉ॥..*
*ਅੰਤਰੁ ਮੈਲਾ ਬਾਹਰੁ ਨਿਤ ਧੋਵੈ॥*
*ਸਾਚੀ ਦਰਗਹਿ ਅਪਨੀ ਪਤਿ ਖੋਵੈ॥੨॥(੪॥੪੦॥੫੩)*
*ਅੰਗ - ੧੧੫੧*

ਪਿਛਲੀਆਂ ਦੋ ਪੰਗਤੀਆਂ ਦਸਦੀਆਂ ਹਨ ਕਿ ਮੈਲ-ਇਸ਼ਨਾਨੀ ਬਗਲੇ ਭਗਤਾਂ ਦੀਆਂ ਬਗਲ-ਸਮਾਧੀਆਂ ਕਿਸੇ ਲੇਖੇ ਨਹੀਂ। ਏਥੇ ਭੇਖ ਦਿਖਾਉਣ- ਹਾਰਿਆਂ ਦੇ ਜਦ ਅਗਲੀ ਦਰਗਾਹ ਵਿਚ ਪਾਜ ਖੁਲ੍ਹਣਗੇ ਤਾਂ ਤਿਨ੍ਹਾਂ ਦੀ ਪਤਿ ਦੀ ਕਉਡੀ ਕੀਮਤ ਨਹੀਂ ਪੈਣੀ। ਜਿਨ੍ਹਾਂ ਨੂੰ ਸਤਿਗੁਰੂ ਨੇ ਨਾਮ ਨਿਧਾਨ ਦ੍ਰਿੜਾ ਦਿਤਾ ਹੈ ਨਿਜ ਘਰੋਂ ਦੀਖਿਆ ਦਾਨ ਦੇ ਕੇ, ਤਿਨ੍ਹਾਂ ਇਸ ਝੂਠ-ਪਸਾਰੇ ਨੂੰ ਗ੍ਰਿਹਸਤ ਉਦਾਸੀਆਂ ਗੁਰਮੁਖ ਜਨਾਂ ਨੇ ਬਿਖ ਸਮਝ ਕੇ ਤਿਆਗ ਦਿਤਾ ਹੈ।

***'ਚਲਦਾ'***

# ਸਿੱਖਾਂ ਦਾ 'ਆਦਰਸ਼' ਗੁਣਾਂ ਦੀ ਸਾਂਝ ਹੈ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥*
*ਜੇ ਗੁਣ ਹੋਵਨਿ੍ ਸਾਜਨਾ ਮਿਲਿ ਸਾਝ ਕਰੀਜੈ॥*
*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥*
*ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥*
*ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥*
*ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥੩॥*
*ਅੰਗ - ੭੬੫-੬੬*

ਵਾਹ ਕਿਆ ਸੁੰਦਰ ਗੁਰ ਸਿਖਸਾ ਭਰਿਆ ਗੁਰ-ਵਾਕ ਹੈ। ਗੁਣ ਗਾਹਕ ਗੁਰਮੁਖ ਜਨਾ ਨੂੰ ਗੁਣਾਂ ਦੇ ਵਾਸਲੇ ਵਿਚੋਂ ਕੇਵਲ ਗੁਣਾ ਰੂਪੀ ਵਾਸਨਾ ਦੇ ਹੀ ਕਢ ਲੈਣ ਦੀ ਗਾਹਕੀ ਹੈ। ਗੁਣਾਂ ਰੂਪੀ ਵਾਸ਼ਨਾ ਦੇ ਭਉਰਿਆਂ ਨੂੰ ਸਿਰਫ਼ ਫੁੱਲਾਂ ਦੀ ਵਾਸ਼ਨਾ ਦੀ ਹੀ ਆਸਕੀ ਹੁੰਦੀ ਹੈ, ਗੁਰਮੁਖ ਗੁਣ-ਗ੍ਰਾਹਕਾਂ ਨੂੰ ਗੁਰਸਿੱਖ ਸੱਜਣਾਂ ਦੇ ਗੁਰਮਤਿ ਗੁਣਾਂ ਨਾਲ ਹੀ ਵਾਸਤਾ ਹੁੰਦਾ ਹੈ। ਗੁਰਮਤਿ ਗੁਣਾ ਦੀ ਸਾਂਝ ਕਰਿ ਹੀ ਗੁਰਸਿਖ ਗੁਰਸਿੱਖਾਂ ਦੇ ਪ੍ਰਸਪਰ ਪ੍ਰੇਮੀ ਹੁੰਦੇ ਹਨ। ਉਹਨਾਂ ਨੂੰ ਗੁਰਸਿਖ ਮੀਤਾ ਸੱਜਣਾ ਦੇ ਗੁਣਾਂ ਦੀ ਹੀ ਪ੍ਰੀਤਿ-ਆਸ਼ਕੀ ਹੁੰਦੀ ਹੈ। ਇਸ ਗੁਣ-ਪ੍ਰੀਤਿ ਦੀ ਗੰਢ ਕਰਿ ਹੀ ਗੁਰਸਿੱਖ, ਗੁਰਸਿੱਖ ਦਾ ਸੋਦਾਈ ਹੁੰਦਾ ਹੈ। ਗੁਰਸਿੱਖ ਪ੍ਰੇਮ ਸ਼ੈਦਾਈਆਂ ਨੂੰ ਗੁਰਸਿੱਖੀ ਦੇ ਗੁਣਾਂ ਦੀ ਸਾਂਝ ਹੀ ਪ੍ਰਸਪਰ ਬਣੀ ਰਹਿੰਦੀ ਹੈ। ਗੁਰਸਿੱਖ ਪ੍ਰਸਪਰ ਮਿਲ ਕੇ ਪ੍ਰਸਪਰੀ ਗੁਣਾ ਦੀ ਸਾਂਝ ਹੀ ਸਦੀਵੀਂ ਪਾਈ ਰਖਦੇ ਹਨ। *'ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ'* ਵਾਲੀ ਗੁਰਵਾਕ ਦੀ ਤੁਕ ਉਪਰ ਅਮਲ ਕਰਦੇ ਹੋਏ ਅਦੇਸ਼ ਅਗਲੀ ਤੁਕ ਦੀ ਅੰਦਰਲੀ ਗੁਣ ਧਾਰਨਾ ਦੇ ਭੀ ਧਾਰਨੀ ਬਣਦੇ ਹਨ - *'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥* ਵਾਹੁ *ਕੈਸੀ ਉਤਮ ਗੁਰਮੱਤੜੀ। ਕੈਸੀ ਸੁਹਣੀ ਗੁਰ ਸਿੱਖਿਆ ਹੈ।* ਵਾਹੁ ਧੰਨਾ। ਗੁਰਸਿੱਖਾ ਨੂੰ ਗੁਰਸਿੱਖਾਂ ਦੇ ਪ੍ਰਸਪਰੀ ਗੁਣਾਂ ਦੀ ਸਾਂਝ ਦਾ ਹੀ ਇਸ਼ਕ ਬਣਿਆ ਰਹਿੰਦਾ ਹੈ। ਉਹਨਾਂ ਨੂੰ ਇਕ ਦੂਜੇ ਦੇ ਅਉਗਣਾ ਨਾਲ ਕੋਈ ਵਾਸਤਾ ਨਹੀਂ ਹੁੰਦਾ। *'ਛੋਡਿ ਅਵਗਣ ਚਲੀਐ'* ਵਾਲੀ ਗੁਰਸਿੱਖੀ ਉਤੇ ਉਹਨਾਂ ਦਾ ਪੂਰਾ ਅਮਲ ਹੁੰਦਾ ਹੈ। ਕਿਸੇ ਦੇ ਅਉਗੁਣਾਂ ਨੂੰ ਨਾ ਚਿਤਾਰਨਾ, ਦੂਜੇ ਦੇ ਅਉਗਣਾਂ ਵਲ ਨ ਤੱਕਣਾ, ਜੇ ਤੱਕਣਾ ਤਾਂ ਵੇਖ ਕੇ ਅਣਡਿੱਠ ਕਰ ਦੇਣਾ, ਗੁਰਮੁਖ ਗੁਰਸਿਖਾਂ ਦਾ ਬਿਰਦ ਹੈ।

ਗੁਰਸਿੱਖਾਂ ਸੇਤੀ ਗੁਣਾ ਦੀ ਸਾਂਝ ਅਤੇ ਅਵਗੁਣਾਂ ਦਾ ਤਿਆਗ ਇਹ ਪ੍ਰਸਪਰ ਪਿਆਰ ਉਪਜਾਊ ਸੱਚਾ ਪ੍ਰੇਮ-ਨੁਸਖ਼ਾ ਹੈ, ਜਿਸ ਦੇ ਵਰਤਣ ਕਰਿ ਪ੍ਰੇਮ ਦੀ ਪੀਡੀ ਗੰਢ ਗੁਰਸਿੱਖਾਂ ਵਿਚਕਾਰ ਪਈ ਰਹਿੰਦੀ ਹੈ, ਜੋ ਕਦੇ ਨਹੀਂ ਟੁਟਦੀ। ਟੁੱਟੇ ਕਿਵੇਂ, ਨਾਮ ਦੀ ਆਰਖਣੀ ਤਾਰ-ਡੋਰੀ ਇਹ ਗੰਢ ਜੋੜੀ ਰਖਦੀ ਹੈ। ਗੁਰਮੁਖਿ ਨਾਮ-ਤਾਰ-ਪ੍ਰੋਤੇ ਹਿਰਦਿਆਂ ਅੰਦਰ ਇਕੋ ਜਲਵ ਜਰੀਨ-ਜੋਤੀਸ਼ ਦੀ ਸਾਂਝੀ ਤਾਰ ਜੁ ਫਿਰੀ ਹੋਈ ਹੈ। ਸੱਚੀ ਸਾਂਝੀਵਾਲਤਾ ਦੀ ਇਹ ਨਾਮ-ਤਰਥ-ਤੂੰਗੀ-ਤਾਰ ਕਦੇ ਤੋੜੀ ਤੁਟਦੀ ਨਹੀਂ ਅਤੇ ਛੱਡੀ ਛੁੱਟਦੀ ਨਹੀਂ। ਨਾਮ ਅਭਿਆਸ ਕਮਾਈ ਤੋਂ ਸੱਖਣੇ ਜਗਿਆਸੂ ਜਨਾਂ ਦੇ ਹਿਰਦੇ, ਇਸ ਸਦ ਨਵਤਨ ਮਨ ਵਿਗਾਸਨੀ ਤਾਰ ਤੋਂ ਸੁੰਞੇ ਹੋਣ ਕਰਿ ਸੱਚੇ ਪ੍ਰੇਮ ਪਿਆਰ ਤੋਂ ਵੀ ਵਾਞੇਂ ਰਹਿ ਜਾਂਦੇ ਹਨ।

*ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ॥*
*ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ॥੧੧॥*
*ਅੰਗ - ੧੪੨੨*

ਪਰ ਇਹ ਸੱਚਾ ਪ੍ਰੇਮ ਪਿਆਰੁ ਇਸ ਉੱਪਰਲੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਪੂਰੇ ਦੀ ਕਲਾ-ਕ੍ਰਿਸ਼ਮੀ-ਕਿਰਪਾ ਕਟਾਖਸ਼ ਦੁਆਰਾ ਹੀ ਪਾ ਸਕੀਦਾ ਹੈ। ਜਿੰਨ੍ਹਾਂ ਦੇ ਉਪਰ ਸਤਿਗੁਰ ਪੂਰੇ ਦੀ ਇਹ ਕਿਰਪਾ ਹੋ ਗਈ ਓਹਨਾਂ ਦੇ ਅੰਦਰੋਂ ਇਹ ਸੱਚਾ ਪ੍ਰੇਮ ਪਿਆਰ-ਰੰਗ 'ਕਬਹੂ ਨ ਹੋਵੈ ਭੰਗ' ਕਦੇ ਭੰਗ ਨਹੀਂ ਹੋਵੇਗਾ। ਇਸ ਪ੍ਰੇਮ ਪਿਆਰ ਰੰਗ ਰਤੇ ਹੋਣ ਕਰਿ ਓਹਨਾਂ ਦੇ ਅੰਤਰਿ 'ਹਰਿ ਗੁਣ ਗਾਈਐ।' ਪ੍ਰਸਪਰ ਹਰਿ ਗੁਣ ਗਾਉਣ, ਹਰਿ ਹਰਿ ਕੀਰਤਨ ਕਰਨ

ਦਾ ਅਤਿ ਗੁਣ ਅਮਲ ਦਿਨੋ ਦਿਨ ਜਿਉਂ ਜਿਉਂ ਬਣਿਆ ਬਣਾਤਾ ਰਹੇਗਾ, ਤਿਉਂ ਤਿਉਂ ਓਹਨਾਂ ਗੁਰਸਿਖਾਂ, ਹਰਿ-ਗੁਣ ਗਾਵਣਹਾਰਿਆਂ ਦਾ ਪ੍ਰਸਪਰੀ ਪ੍ਰੇਮ ਪਿਆਰ ਭੀ ਹਰਿਆ ਭਰਿਆ ਅਤੇ ਵਧਿਆ ਫੁਲਿਆ ਰਹੇਗਾ। ਗੁਰ ਸਤਿਗੁਰ ਸੱਚੇ ਪਾਤਸ਼ਾਹ ਦੇ ਹੁਕਮ ਅਨੁਸਾਰ ਜਿਉਂ ਜਿਉਂ ਨਿੱਤ ਨਿਯਮ ਅਨੁਸਾਰ ਗੁਰੂ ਕੇ ਸਿਖੁ ਪ੍ਰਸਪਰ ਰਲ ਮਿਲ ਕੇ ਹਰਿ ਗੁਣ ਗਾਵਣਗੇ, ਜਿਉਂ ਜਿਉਂ ਨਾਮ ਅਭਿਆਸ ਦੀਆਂ ਕਮਾਈਆਂ ਕਰਨਗੇ, ਤਿਉਂ ਤਿਉਂ ਤਿਨ੍ਹਾਂ ਉਪਰ ਸਤਿਗੁਰੂ ਦੀ ਕਿਰਪਾ ਦਾ ਕਟਾਖਸ਼ੜਾ ਦਿਨੋ ਦਿਨ ਵਧੇਰਾ ਖਿੜਦਾ ਰਹੇਗਾ ਅਤੇ ਤਿਨ੍ਹਾਂ ਦੀ ਪ੍ਰਸਪਰੀ ਪ੍ਰੇਮ ਭੀ ਦਿਨੋ ਦਿਨ ਗੂੜ੍ਹਾ ਅਤੇ ਅਤਿ ਰੰਗ ਰੂੜਾ ਹੁੰਦਾ ਜਾਏਗਾ। ਪਰ ਇਹ ਕਿਰਪਾ-ਕਟਾਖਸ਼ੀ ਗੁਰੂ ਮੇਹਰ ਤਿਨ੍ਹਾਂ ਜਨਾਂ ਪਰ ਹੀ ਹੋਵੇਗੀ ਜੋ ਗੁਰੂ ਦੀ ਆਗਿਆ ਸਤਿ ਸਤਿ ਕਰਿ ਮੰਨਣਗੇ। ਆਗਿਆਕਾਰੀ ਗੁਰਸਿੱਖਾਂ ਉਤੇ ਜ਼ਰੂਰ ਹੀ ਗੁਰੂ ਦੀ ਕਿਰਪਾ ਦਾ ਛਾਜ ਵਹਾਰ (ਅਮੁਕ ਵਹਾ) ਹੈ। ਸਤਿਗੁਰੂ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਦਸ ਸੱਚਾ ਹੁਕਮ ਹੈ -

***ਹੋਇ ਇਕਤ੍ਰ ਮਿਲਹੁ ਮੇਰੇ ਭਾਈ***
***ਦੁਬਿਧਾ ਦੂਰਿ ਕਰਹੁ ਲਿਵ ਲਾਇ॥***
***ਹਰਿ ਨਾਮੈ ਕੇ ਹੋਵਹੁ ਜੋੜੀ***
***ਗੁਰਮੁਖਿ ਬੈਸਹੁ ਸਫਾ ਵਿਛਾਇ॥੧॥ ਅੰਗ - ੧੧੮੫***

ਗੁਰੂ ਸੱਚੇ ਪਾਤਸ਼ਾਹ ਦੇ ਇਸ ਸੱਚੇ ਹੁਕਮ ਅਨੁਸਾਰੀ ਤਾਮੀਲਦਾਰੀ ਹੁੰਦੇ ਹੋਏ ਜੋ ਗੁਰਸਿਖ ਕੀਰਤਨ-ਮੰਡਲ ਵਿਚ ਇਕੱਤਰ ਹੋਇ ਕੇ ਪ੍ਰਸਪਰ ਮਿਲ ਬੈਠਣ ਦਾ ਅਤੇ ਹਰਿਗੁਣ ਗਾਵਣ ਦਾ ਹੁਕਮ ਕਮਾਵੰਦੇ ਹਨ ਓਹਨਾਂ ਦੀ ਹਰਿ-ਕੀਰਤਨ-ਲਿਵਤਾਰ ਦੀ ਪਾਰਸ-ਕਲਾ ਦੁਆਰਾ ਦੁਬਿਧਾ ਦੂਰ ਹੋ ਜਾਂਦੀ ਹੈ। ਓਹਨਾਂ ਦੇ ਹਰਿ-ਕੀਰਤਨੀ-ਮੰਡਲ ਵਿਚ ਜੁੜ ਬੈਠਣਹਾਰਿਆਂ, ਹਰਿ-ਗੁਣ-ਲਿਵਤਾਰੀਆਂ ਦੇ ਹਿਰਦਿਆਂ ਅੰਦਰ, ਨਾਮ-ਕਿਰਨ-ਰਸ-ਜੋਤਿ ਦੀ ਸਾਂਝੀ ਤਾਰ ਫਿਰ ਜਾਂਦੀ ਹੈ ਅਤੇ ਇਹੀ ਕਿਰਨ ਰਸ-ਜੋਤਿ-ਬੇਧਵੀਂ ਸਾਝੀ ਤਾਰ ਸਗਲ ਹਰਿ ਜਨਾਂ ਦੇ ਘਟਾਂ ਅੰਦਰ ਜੋਤਿ ਜੁੜੰਨੀ ਅਤੇ ਤਰਥ ਤ੍ਰੰਗਨੀ ਹੋਣ ਕਰਿ ਸਭ ਨੂੰ ਹਰਿ ਨਾਮੇ ਦੇ ਜੋੜੀ, ਸੱਚੇ ਜੋੜੀ, ਸੋਚੀ ਜੋਤਿ-ਜੁੜੰਨੇ ਜੋੜੀ ਬਣਾਇ ਦੇਂਦੀ ਹੈ। ਐਸੇ ਹਰਿ ਨਾਮੇ ਦੇ ਜੋੜੀ ਗੁਰਮੁਖ ਭਗਤ ਜਨ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰਿ ਸਫਾ ਵਿਛਾਇ ਕੇ ਬਹਿੰਦੇ ਹਨ, ਧੂੜੀ ਵਿਚ ਲੁਡੰਦੜੇ ਹੀ ਸੋਹੰਦੇ ਹਨ। ਇਕੋ ਸਫਾ ਵਿਚ ਇਕ ਸਫ ਉਤੇ ਨਿਕਰਮਾਣ ਹੋ ਕੇ ਗੁਰੂ ਸਤਿਗੁਰੂ ਜੀ ਦੀ ਧੂੜ ਲਡਨੂਰੀ ਹਜ਼ੂਰੀ ਵਿਚ ਘੁਘਰ ਪ੍ਰੇਮ-ਪਿਆਰ ਦਾ ਸੰਧੂਰ ਲਾਇ ਮੁਕਾਇ ਕੇ ਬਹਿੰਦੇ ਹਨ।

ਇਕੋ ਸੰਗਤ ਪੰਗਤ ਵਿਚ ਨੀਵੇਂ ਨਿਰਮਾਣ ਹੋ ਕੇ ਗੁਰੂ ਹਜ਼ੂਰੀ ਮਜਨ-ਧੂਰੀਆਂ ਅਤੇ ਨਾਮ ਰਸ ਸੰਧੂਰੀ ਵਰਮ ਰੂਹਾਂ ਨੂੰ, ਭਲਾ ਰੂਸੀ ਸੀਨੀਆਂ ਦਾ ਕਮਲ ਅਤੇ ਊਧਰਮ ਪਰਮੀ ਰੋਗ ਕਾਹਨੂੰ ਸੁਖਾਉਂਦਾ ਸੋਹਾਉਂਦਾ ਹੈ। ਓਹ ਕੁਰਸੀਆਂ ਉਪਰ ਉਸਰਿ ਓਸਰਿ ਕੇ ਬੈਠਣ ਨਾਲੋਂ ਇਕੋ ਸਾਂਝੀ ਸਫਾ ਵਿਚਿ ਅਦਬ ਸਹਿਤ ਗੁਰੂ ਹਜ਼ੂਰੀ ਵਿਚ ਰਲ ਮਿਲ ਕੇ ਬੈਠਣਾ ਹੀ ਸਤਿਗੁਰੂ ਦੀ ਸੱਚੀ ਆਗਿਆ ਦਾ ਸੱਚਾ ਪਾਲਨ ਸਮਝਦੇ ਹਨ ਅਤੇ ਇਸ ਆਗਿਆ ਪਾਲਨ ਤੇ ਓਹਨਾ ਨੂੰ ਅਵੱਸ਼ ਸੱਚੇ ਰੰਗ ਲਗਦੇ ਹਨ। ਇਸ ਸੱਚੀ ਸਾਂਝੀਵਾਲਤਾ ਦੀ ਭਾਵਨਾ ਵਿਚ ਕੀਤੀ ਹੋਈ ਕੋਈ ਭੀ ਗੁਰੂ ਕੀ ਕਾਰ-ਸੇਵਾ ਆਪਣਾ ਰੰਗ ਲਿਆਏ ਬਿਨਾਂ ਆਹਲੀ ਨਹੀਂ ਜਾਂਦੀ। ਇਸ ਸੱਚੀ ਭਾਵਨਾ ਵਿਚ ਗੁਰੂ ਅਤੇ ਗੁਰੂ ਪੰਥ ਦੀ ਸੇਵਾ ਕਮਾਵਣਹਾਰਿਆਂ ਦਾ ਹਿਰਦਾ ਸਦਾ ਹੀ ਇਕ ਦੂਜੇ ਦੀ ਦੇਣ ਹੋਇ ਰਹਿਣ ਨੂੰ ਪਸੀਜਿਆ ਰਹਿੰਦਾ ਹੈ। ਉਹ ਇਕ ਦੂਜੇ ਦੇ ਅਉਗੁਣ ਚਿਤਾਰਦੇ ਹੀ ਨਹੀਂ। ਉਹਨਾਂ ਨੂੰ ਆਪਣੇ ਸਾਂਝੀਵਾਲਤਾ ਸੇਵਕ ਜਨ ਭਰਾਵਾਂ ਅੰਦਰ ਸਾਰੇ ਗੁਣ ਹੀ ਗੁਣ ਭਾਸਦੇ ਹਨ। ਸੱਚੀ ਪ੍ਰੀਤਿ ਦੀ ਸੂਝ ਨੀਸਾਨੀ ਇਹੀ ਹੈ ਪ੍ਰੀਤਵਾਨ ਨੂੰ ਆਪਣੇ ਪ੍ਰੀਤਮ ਦੇ ਅਉਗਣ ਵੀ ਗੁਣ ਹੀ ਪ੍ਰਤੀਤ ਹੁੰਦੇ ਹਨ।

### ਅਕਾਲੀ ਲਹਿਰ ਦਾ ਸਮਾਂ ਤੇ ਗੁਣਾਂ ਦਾ ਪਿਆਰ

ਏਸ ਸੱਚੇ ਪ੍ਰੀਤ ਪਿਆਰ ਦੀ ਸੱਚੀ ਝਲਕ ਦਾ ਨਜ਼ਾਰਾ ਗੁਰੂ ਪੰਥ ਦੇ ਸੇਵਕਾਂ ਅੰਦਰਿ ਅੱਜ ਤੋਂ ਕਈ ਸਾਲ ਪਹਿਲਾਂ (੧੯੨੬ ੨੭ ਵਿਚ) ਕੈਸਾ ਚੜਦੀਆਂ ਕਲਾਂ ਵਿਚ ਰੰਗ ਦਿਖਾ ਰਿਹਾ ਸੀ। ਉਸ ਸਮੇਂ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਹੋਇ ਕੇ ਅਤੇ 'ਸੁਣਿ ਮੀਤਾ ਧੂਰੀ ਕਉ ਬਲਿ ਜਾਈ' ਦੇ ਆਸ਼ਕ ਹੋਇਕੈ ਅਸਾਡੇ ਪੰਥ-ਸੇਵਕ ਕਮਾਇ ਰਹੇ ਸਨ। ਓਹ ਆਪਣੇ ਸਜਣ ਮਿੱਤਰ ਗੁਰਸਿਖ ਭਰਾਵਾਂ ਦੇ ਸਦਗੁਣ ਹੀ ਸਦਾ ਦੇਖਦੇ ਚਿਤਾਰਦੇ ਅਤੇ ਸਤਿਕਾਰਦੇ ਸਨ ਓਹਨਾਂ ਨੂੰ ਓਦੋਂ ਇਕ ਦੂਜੇ ਦੇ ਅਵਗੁਣ ਦੇਖਣ ਦਾ ਅਤੇ ਛਿੰਦਰ ਫੋਲਣ ਦਾ ਵਿਹਲ ਕੁਚਸਕਾ ਹੀ ਨਹੀਂ ਸੀ। ਓਹਨਾਂ ਦੀ ਗੁਰ-ਗੁੰਮ-ਗੁਣੀ-ਸੱਚੀ-ਸਾਂਝੀਵਾਲਤਾ ਤੋਂ ਉਪੰਨੀ ਨਿਰਮਾਣ ਸੇਵਾ ਆਪਣਾ ਅਲੌਕਿਕ ਰੰਗ ਲਿਆਈ ਅਤੇ ਫੇਰ ਭੀ ਲਿਆਵੇਗੀ। ਭਾਣੇ ਅੰਦਰ ਗੁਰੂ ਦਾ ਇਹ ਮਨਜ਼ੂਰ ਹੋਸੀ ਕਿ ਗੁਰਸਿਖ ਸੇਵਕ ਆਗੂਆਂ ਵਿਚ ਵੀ ਹਉਮੈ ਵਾਲੀ ਬਿਰਤੀ ਅੰਦਰ, ਰਾਈ ਮਾਤਰ ਰੋਗ ਭੀ ਨਾ ਰਹਿ ਜਾਵੇ। ਗੁਰੂ ਸੱਚੇ ਪਾਤਸ਼ਾਹ ਨੂੰ ਇਹ ਦੇਖਣਾ ਨਹੀਂ ਭਾਂਵਦਾ ਕਿ ਗੁਰੂ ਦੇ ਸਿੱਖਾਂ ਸੇਵਕਾਂ ਵਿਚ ਕਿਸੇ ਰੋਗ ਦੀ ਕਣੀ, ਕੋਈ

ਖਾਮੀ, ਕਚਿਆਈ ਬਾਕੀ ਰਹਿ ਜਾਵੇ। ਹਉਮੈ ਬਫਣ-ਬਫ਼ਾਈ ਵਿਚ ਹੁਣ ਬਹੁਤ ਹੰਢਿਆ ਹੰਭਿਆ ਗਿਆ ਹੈ। ਹੁਣ ਜ਼ਰੂਰ ਸੁਰਤਿ ਪਰਤਣੀ ਚਾਹੀਏ, ਪਰ ਪਰਤੇਗੀ ਇਸ ਲੇਖ ਦੇ ਸਿਰਲੇਖ ਵਾਲੇ ਗੁਰਵਾਕ ਦੇ ਉਚ-ਭਾਵੀ ਪ੍ਰਭਾਵ ਹੇਠ। ਹਾਂ ਜੀ 'ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ' ਹਾਂ ਜੀ। ਫੇਰ ਪੜ੍ਹੋ ਜੇ ਗੁਣ ਹੋਵਨਿ ਸਾਜਨਾ ਮਿਲ ਸਾਂਝ ਕਰੀਜੈ॥ ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ। ਹਾਂ ਪਿਆਰੇ ਜੀ ਛੋਡਿ ਅਵਗਣ ਚਲੀਐ। ਵਾਹੁ ਵਾਹੁ ਕਿਆ ਸੋਹਣੀ ਗੁਰਵਾਕ ਚੇਤਾਵਨੀ ਚੇਤੇ ਆਈ ਹੈ -

*ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ॥*
*ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ॥*
*ਲੀਆ ਤ ਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ॥*
*ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ॥*
*ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ॥*
*ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ॥੨॥*
*ਅੰਗ - ੭੬੫*

ਹਾਂ ਜੀ। ਹਉ ਬਲਿਹਾਰੀ॥ ਬਲਿਹਾਰੀ ਸਾਜਨਾ। ਬਲਿਹਾਰੀ। ਹਾਂ ਜੀ ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ। ਮੀਤਾ ਅਵਰੀਤਾ। ਅਵਰੀਤਾ ਵਿਸੇਖ ਰੀਤਿ ਵਾਲੇ ਸ੍ਰੇਸ਼ਟ ਕਰਮੀ ਗੁਰਸਿੱਖ ਸੇਵਕ ਜਨ। ਜਨ ਮੀਤ ਅਵਰੀਤ ਜਨਾਂ ਤੋਂ ਹਉ ਬਲਿਹਾਰੀ। ਹਾਂ ਜੀ ਸਾਨੂੰ ਤਾਂ ਓਹ ਜੇਲ੍ਹ ਬੈਠਿਆਂ ਭੀ, ਹਜ਼ਾਰੀ ਬਾਗ਼, ਰਾਜ ਮੰਦਰੀ, ਨਾਗਪੁਰ ਦੇ ਸੁਰਾਜ ਮੰਦਰਾਂ ਵਿਚ ਬੈਠਿਆਂ ਭੀ ਅਸਾਡੇ ਪੰਥ ਸੇਵਕ ਰਤਨ ਭੂਸ਼ਨਾਂ ਦੇ ਸਗਲ ਗੁਣ, ਅਵਗੁਣ ਨ ਕੋਈ' ਹੀ ਭਾਸਦੇ ਸਨ ਅਤੇ ਹੁਣ ਭੀ ਨਿਰੇ ਗੁਣ ਹੀ ਗੁਣ ਭਾਸ ਰਹੇ ਹਨ। ਅਸਾਨੂੰ ਯਾਦ ਹੈ, ਦਾਸ ਅਤੇ ਦਾਸ ਦਾ ਸੋਚੜਾ ਸੁਹਿਰਦ ਵੀਰ ਭਾਈ ਕਰਤਾਰ ਸਿੰਘ ਕੈਨੇਡੀਅਨ ਚੰਦ ਨਿਵਾਸੀ ਕੋਈ ਜਾਣੇ ਨਾਗਪੁਰ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਬੈਠੇ ਦਰਜਨਾਂ ਵਰ੍ਹਿਆਂ ਦੇ ਦੂਰ-ਧਿਆਨੀ ਹੋਏ ਬੈਠੇ, ਕਿਸ ਹਸਰਤ, ਕਿਸ ਫ਼ਖ਼ਰ, ਕਿਸ ਸਨਮਾਨ ਭਰੇ ਚਾਉ ਨਾਲ ਆਪਣੇ ਦੂਲੇ, ਪੰਥ ਦੇ, ਬਾਹਰ ਦੀ ਦੁਨੀਆ ਵਿਚ ਘਾਲਾਂ ਘਾਲ ਰਹੇ, ਪੰਥ ਦੁਲਾਰਿਆਂ ਦੀਆਂ ਕਮਲ ਜਮਾਲ ਕਰਨੀਆਂ ਨੂੰ ਵਿਚਾਰ ਵਿਚਾਰ ਵਿਗਸਦੇ ਹੁੰਦੇ ਸੀ ਅਤੇ ਅਸਾਡੇ ਦਿਲਾਂ ਦਿਮਾਗ ਅੰਦਰ ਹੁਣ ਤਾਈਂ ਭੀ ਓਹਨਾਂ ਕਮਲ ਜਮਾਲ ਕਰਨੀਆਂ ਦੀ ਖੁਸ਼ਬੋਈ ਸਮਾਈ ਪਈ ਹੈ, ਸਾਨੂੰ ਤਾਂ ਓਹਨਾਂ ਦੇ ਗੁਣ ਹੀ ਗੁਣ ਚੇਤੇ ਹਨ। ਅਸੀਂ ਹੈਰਾਨ ਹਾਂ ਕਿ ਅਤੇ ਉਕਤ ਕਮਲ ਕਮਾਈ ਭਰਾਵਾਂ ਦੇ ਹਿਰਦਿਆਂ ਵਿਚ ਵੀ ਓਹੀ ਬਣੀ ਕਿਉਂ ਨਹੀਂ ਸਮਾਇ ਰਹੀ ਪ੍ਰਸਪਰ ਇਕ ਦੂਜੇ ਦੇ ਗੁਣ ਕਿਉਂ ਨਹੀਂ ਦੇਖ ਰਹੇ ਗੁਣਾਂ ਦੀ ਸਾਂਝ ਕਿਉਂ ਨਹੀਂ ਰੱਖ ਰਹੇ ਛੋਡਿ ਅਵਗਣ ਗਲੀਆਂ ਵਾਲੀ ਗੁਰ-ਫੁਰਮਾਨ ਦਰਸਾਈ ਕਰਨੀ ਕਿਉ ਨਹੀ ਅਇ ਰਹੇ। ਸਤਿਗੁਰੂ ਨੇ ਆਪਣੀ ਅਪਾਰ ਕਿਰਪਾ ਕਰਿ ਇਕ ਵਾਰ ਭੀ ਜਿਨ੍ਹਾਂ ਵਿਅਕਤੀਆਂ ਤੋਂ ਉਚ ਦਰਜੇ ਦੀ ਸੇਵਾ ਲਈ ਹੈ, ਓਹਨਾਂ ਤੋਂ ਦਾਸ ਦਾ ਇਹ ਹੀਅੜਾ ਵਾਰਨੇ ਬਲਿਹਾਰਨੇ ਜਾ ਰਹਿਆ ਹੈ। ਉਹਨਾਂ ਦੀਆਂ ਸੇਵਾ ਘਾਲਾਂ ਚੇਤੇ ਕਰਿ ਸਾਨੂੰ ਤਾਂ ਓਹਨਾਂ ਦੇ ਉਕਤ ਕਾਰਨਾਮੇ ਹੀ ਚਿਤਾਰਨੇ ਭਾਵਦੇ ਹਨ।

## ਅਉਗੁਣ ਨੇ ਚਿਤਾਰੋ

ਅਸੀਂ ਅਲਪੱਗ ਹਾਂ। ਭੁੱਲਾਂ ਅਸਾਡੇ ਸਾਰਿਆਂ ਵਿਚ ਹੀ ਹਨ *'ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥੮॥੧੨॥' (ਅੰਗ - ੬੧)*

ਤਥਾ -

*ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪੁ ਨ ਭੁਲੈ॥੮॥੪॥ (ਅੰਗ - ੧੩੪੪)* ਗੁਰਵਾਕਾਂ ਅਨੁਸਾਰ ਗੁਰੂ ਕਰਤਾਰ ਤੋਂ ਛੁੱਟ ਅਸੀਂ ਸੱਭੋ ਹੀ ਭੁਲਣਹਾਰ ਹਾਂ। ਫੇਰ ਕਿਸੇ ਦੇ ਅਵਗੁਣ ਕਾਸਨੂੰ ਚਿਤਾਰੀਏ? ਆਉ ਸਭਸ ਦੇ ਗੁਣ-ਚਿਤਾਰੀ-ਵਾਸ-ਭੰਵਰੇ ਹੀ ਬਣੀਏ। ਸਾਨੂੰ ਤਾਂ ਰਹਿ ਰਹਿ ਕੇ ਅਸਾਡੀ ਪੰਥ-ਫੁਲਵਾੜੀ ਦੇ ਫੁੱਲਾਂ ਦੀ ਮਹਿਕ ਹੀ ਮਹਿਕ ਚੇਤੇ ਆ ਰਹੀ ਹੈ।

ਸਭ ਤੋਂ ਪਹਿਲੇ ਅਸਾਡੇ ਪੁਰਾਤਨੀ ਕਮਲ ਕਮਾਲ ਭੰਵਰੇ ਸਰਦਾਰ ਹਰਚੰਦ ਸਿੰਘ ਜੀ ਲਾਇਲਪੁਰੀ ਅਸਾਡੀ ਪ੍ਰੀਤ-ਯਾਦਗਾਰੀ ਸਫ਼ ਵਿਚ ਆਇ ਸਸ਼ੋਭਤ ਹੋਏ ਹਨ। ੧੯੧੪ ਤੋਂ ਪਹਿਲਾਂ ਨਵ-ਜਾਗ੍ਰਤੀ-ਲਹਿਰ ਦਾ ਤੋਰਾ ਓਦੋਂ ਹੀ ਅਤੇ ਉਹਨਾਂ ਤੋਂ ਹੀ ਤੁਰਿਆ। ਅਸਾਨੂੰ ਤਾਂ ਉਹਨਾਂ ਦੀ ਕੁਰਬਾਨੀ ਹੀ ਕੁਰਬਾਨੀ ਚੇਤੇ ਹੈ। ਦਿਲਜਾਨੀਆਂ ਦੀਆਂ ਦਿਲਦਾਨੀਆਂ ਹੀ ਚੇਤੇ ਹੋਣੀਆਂ ਹੋਈਆਂ।

ਓਸੇ ਸਫ਼ੇ ਵਿਚ ਆਣ ਬੈਠੇ ਓਦੋਂ ਦੇ ਹੀ ਉਨ੍ਹਾਂ ਦੇ ਨਾਲ ਲਗਵੇਂ ਅਤੇ ਅਸਾਡੇ ਸੰਗੀ ਸਾਥੀ ਗੁਰਦਵਾਰਾ ਰਕਾਬ ਗੰਜ ਐਜੀਟੇਸ਼ਨ ਦੇ ਸਾਂਝੀਵਾਲਾਂ ਵਿਚੋਂ ਪੁਰਾਤਨ ਪੰਥ ਦਰਦੀ ਅਸਾਡੇ ਨਵਤਨ ਬਾਲੜੇ ਵੀਰ ਤਾਰਾ ਸਿੰਘ ਜੀ (ਮਾਸਟਰ), ਜੋ ਉਦੋਂ ਤੋਂ ਭੀ ਦੋ ਚਾਰ ਸਾਲ ਪਹਿਲਾਂ ਦੇ ਹੀ ਲਗਾਤਾਰ ਹੁਣ ਤਕ ਹਮਾ-ਤਨੁ ਹੋਇ ਪੰਥ ਸੇਵਾ ਦੀਆਂ ਘਾਲਾਂ ਘਾਲ ਰਹੇ ਹਨ। ਸਾਨੂੰ ਇਸ ਵੀਰ ਦੀ ਅਥੱਕ ਕੁਰਬਾਨੀ ਹੀ

ਕੁਰਬਾਨੀ ਚੇਤੇ ਆ ਰਹੀ ਹੈ ਅਤੇ ਅਸਾਡੇ ਹਿਰਦਿਆਂ ਵਿਚ ਇਸ ਕੁਰਬਾਨੀ ਦਾ ਅਤੁੱਟ ਸਨਮਾਨ ਜਮਾਇ ਰਹਿਆ ਹੈ।

ਓਦੋਂ ਹੀ ਐਨ ਉਸ ਸਮੇਂ ਸਰਦਾਰ ਹਰਚੰਦ ਸਿੰਘ ਦੀ ਸੱਜੀ ਬਾਂਹ ਪੰਥ ਦੇ ਗੁੱਝੇ ਲਾਲ ਗੁਰਪੁਰ ਨਿਵਾਸੀ ਸ੍ਰੀ ਯੁਤ ਸਰਦਾਰ ਤੇਜਾ ਸਿੰਘ ਜੀ ਸਮੁੰਦਰੀ ਪੰਥ ਕੁਰਬਾਨੀ ਦੀ ਕਰਬਲਾ ਵਿਚ ਆਣ ਚਮਕੇ। ਇਹ ਨਿਰੋਲ ਨਿਰਮਾਣ ਨਿਸ਼ਕਾਮ ਕਰਨੀਆਂ ਪੰਥ ਲਈ ਖ਼ਾਸ ਫ਼ਖ਼ਰ ਦਾ ਕਾਰਨ ਹਨ। ਭਾਵੇਂ ਉਹ ਪੰਥ ਅਤੇ ਦੇਸ਼ ਦੀ ਕੁਰਬਾਨੀ ਵਾਲੇ ਹਵਨ-ਕੁੰਡ ਵਿਚਿ ਆਪਣੀ ਅਹੂਤੀ ਦੇ ਕੇ ਕਈ ਸਾਲਾਂ ਤੋਂ ਗੁਰਪੁਰੀ ਨੂੰ ਪਧਾਰ ਚੁਕੇ ਹਨ, ਪਰ ਓਹਨਾਂ ਦੀ ਅਦੁੱਤੀ ਯਾਦਗਾਰ ਕਦੇ ਭੀ ਨਹੀਂ ਵਿਸਾਰੀ ਜਾ ਸਕਦੀ।

ਓਦੋਂ ਦੀ ਹੀ ਇਹਨਾਂ ਉਪਰਲਿਆ ਪੰਥ-ਪਰਵਾਨਿਆਂ ਦੇ ਨਾਲ ਲਗਵੀਂ ਹੀ ਸਰਦਾਰ ਸੁੰਦਰ ਸਿੰਘ ਜੀ ਲਾਇਲਪੁਰੀ ਦੀ ਯਾਦ-ਆਵਰੀ ਕੁਛ ਘਟ ਦਿਲ ਮੋਹਣੀ ਤਾਂ ਨਹੀਂ। ਓਦੋਂ ਦੀਆਂ ਵੀਰ ਸੁੰਦਰ ਸਿੰਘ ਲਾਇਲਪੁਰੀ ਦੀਆਂ ਦਲੇਰੀਆਂ ਅਤੇ ਨਿਰਭੈ ਭਬਕਾਂ ਅਤੇ ਨਿੱਗਰ ਕਾਰਨਾਮਿਆਂ ਨੇ ਹੀ ਅਕਾਲੀ ਲਹਿਰ ਦੇ ਦੁਟਾਲੇ ਵਿਚ ਅਦੁੱਤੀ ਪੰਧ-ਦਲਿਆਂ ਦੇ ਨਾਲ ਮਿਲ ਕੇ ਪਹਿਲ ਕੀਤੀ ਸੀ ਅਤੇ ਖਾਸੇ ਚਿਰਤਕ ਡਟੇ ਰਹੇ। ਓਹਨਾਂ ਦੀਆਂ ਬੜੀਆਂ ਬੜੀਆਂ ਪੰਥ ਅਤੇ ਦੇਸ਼ ਸੇਵਾ ਦੀਆਂ ਕਾਰ-ਗੁਜ਼ਾਰੀਆਂ ਅਸਾਡੇ ਚੇਤੇ ਹਨ। ਪਰ ਏਥੇ ਵਿਥਾਰ ਕੀ ਕਰਨਾ ਹੈ, ਲੇਖ ਵਧ ਜਾਏਗਾ। ਗੁਰੂ ਨੇ ਹੀ ਪ੍ਰੇਰ ਕੇ ਇਹ ਸੇਵਾ ਓਹਨਾਂ ਤੋਂ ਕਰਾਈ, ਭੁਲ-ਭੁੱਲਈਆਂ ਦਿਲਾਵਣਹਾਰਾ ਆਪੇ ਹੀ ਓਹਨਾਂ ਨੂੰ ਭਾਣੇ ਅੰਦਰ ਫੇਰ ਪੰਥਕ ਮੈਦਾਨ ਵਿਚ ਲੈ ਆਵੇਗਾ।

ਏਹਨਾਂ ਦੇ ਨਾਲ ਲਗਦੇ ਹੀ ਪੰਥ ਅਤੇ ਦੇਸ ਸੇਵਾ ਦੀ ਅਤੇ ਕਾਹਲੀ ਆਸ਼ਕੀ ਵਾਲੇ ਅਨਿੰਨ ਪਰਵਾਰੇ ਉਪਜੇ ਤਾਂ ਅਸਾਡੇ ਸ਼ੇਰ ਦਿਲ ਸ਼ੇਰ ਦੀਆਂ ਭਬਕਾਂ ਨੂੰ ਭੀ ਮਾਤ ਕਰਨਹਾਰੇ ਫ਼ਖਰੇ ਕੌਮ ਮਾਸਟਰ ਮੋਤਾ ਸਿੰਘ ਜੀ ਅਨਵਾਰੀ ਅਕਾਲੀ ਉਪਜੇ, ਜਿਨ੍ਹਾਂ ਨੇ ਆਪਣੀ ਕੁਰਬਾਨੀ ਦਾ ਮੁੱਢ ਅਸਾਡੇ ਨਾਲ ਹੀ ਗੁਰਦਵਾਰਾ ਰਕਾਬ ਗੰਜ ਦੀ ਸੇਵਾ ਤੋਂ ਬੰਨ੍ਹਿਆਂ। ਉਸ ਸਮੇਂ ਦੇ ਇਕੋ ਇਕ ਉਘੇ ਪੰਥ ਅਖਬਾਰ 'ਖਾਲਸਾ ਅਖਬਾਰ' ਦੀ ਅਰੰਭਕ ਧੜੱਲੇਦਾਰ ਐਡੀਟਰੀ ਦੀ ਧਾਕ ਪਾਈ, ਤਾਂ ਮਾਸਟਰ ਮੋਤਾ ਸਿੰਘ ਜੀ ਨੇ ਪਾਈ। ਪਿਛੋਂ ਮਾਰਸ਼ਲ-ਲਾਅ ਦੇ ਸਮੇ ਪੰਥ ਦੀ ਰੱਖ ਵਿਖਾਈ ਤਾਂ ਇਸੇ ਮੁਕਟ ਮੋਤੀਸਰ ਨੇ ਰੱਖ ਵਿਖਾਈ। ਫੇਰ ਸਤਿਗੁਰੂ ਨੇ ਏਸ ਜੰਗ ਬਹਾਦਰ ਨੂੰ ਪ੍ਰੇਰ ਕੇ ੧੯੧੪ ਵਾਲੇ ਸ਼ਹੀਦਾਂ ਅਤੇ ਉਮਰ ਕੈਦੀਆਂ ਦੀਆਂ ਕਰਨੀਆਂ ਉਤੇ ਫੁੱਲ ਚੜ੍ਹਾਇ ਕੇ ਦੇਸ਼ ਅਤੇ ਕੌਮ ਨੂੰ ਆਪਣੀ ਗਰਜਵੀਂ ਅਵਾਜ਼ ਨਾਲਿ ਹਲੂਣਿਆ ਅਤੇ ਆਪ ਖ਼ੁਦ ਅਗਿਣਤ ਕਾਰਨਾਮਿਆਂ ਕਰਿ ਬੜੇ ਤਸੀਹੇ ਸਹੇ ਅਤੇ ਜਫਰ ਜਾਲੇ, ਜਿਨ੍ਹਾਂ ਦੀ ਦਾਸਤਾਨ ਅਸਾਡੇ ਹਿਰਦੇ ਉਤੇ ਅਤਿ ਉਚ ਜ਼ਿਕਰੇ ਖ਼ੈਰ ਨਾਲ ਉਕਰੀ ਪਈ ਹੈ। ਸਤਿਗੁਰੂ ਨੇ ਹੀ ਇਸ ਵਿਅਕਤੀ ਵਿਖੇ ਇਹ ਅਮਿੱਤ ਬਲ ਪ੍ਰਦਾਨ ਕਰ ਕੇ ਅਟੁਟ ਕੁਰਬਾਨੀਆਂ ਕਰਾਈਆਂ। ਗੁਰੂ ਬਰਕਤਾਂ ਤੇ ਗੁਣ ਹੀ ਗੁਣ ਅਸਾਡੇ ਚੇਤੇ ਹਨ ਅਤੇ ਇਹੋ ਕਹਿਣੇ ਚਾਹੀਏ।

ਪੁਰਾਤਨ ਪਾਰਗਰਾਮੀ ਸੌ ਸਾਖੀਆਂ ਅੰਦਰ ਬਿਦਤਾਏ 'ਮੇਰੇ ਇਕ ਵਣਜਾਰੇ ਸਿੱਖ' ਸ੍ਰੀ ਮਾਨ ਪ੍ਰਸਿਧ ਬਾਬਾ ਗੁਰਦਿੱਤ ਸਿੰਘ ਜੀ ਦੀਆਂ ਸ਼ੁਭਕਰਨੀਆਂ ਦਾ ਚੇਤਾ ਭੀ ਸਾਨੂੰ ਵਿਗਸਾਇ ਫੁਲਾਇ ਰਿਹਾ ਹੈ।

ਅਸਾਡੀ ਲੰਬੀ ਜੇਲ੍ਹ ਯਾਤਰਾ ਦੇ ਸਮੇਂ ਅੰਦਰ ਫੇਰ ਅਨੇਕਾਂ ਹੀ ਇਕ ਦੂੰ ਇਕ ਚੜ੍ਹਦੀਆਂ ਕੁਰਬਾਨੀਆਂ - ਪੰਜ ਪੰਥਕ ਹਸਤੀਆਂ ਉਪਜੀਆਂ, ਜਿਨ੍ਹਾਂ ਦਾ ਟੂਕ ਮਾਤਰ ਰਮਜ਼ ਚੇਤਾਵਨੀ ਏਥੇ ਚਿਤਾਰਨੀ ਕਾਫ਼ੀ ਹੋਊ। ਹਜ਼ਾਰੀ ਬਾਗ਼ ਦੀ ਜੇਲ੍ਹ ਅੰਦਰ ਸਾਨੂੰ ਸਭ ਤੋਂ ਪਹਿਲਾਂ ਮੁਖੀ ਪੰਥ ਨਵਯੁਵਕਾਂ ਵਿਚੋਂ ਗਿਆਨੀ ਸਰਦੂਲ ਸਿੰਘ ਕਵੀਸ਼ਰ ਦਾ ਉੱਘਾ ਨਾਉਂ ਵਿਦਮਾਨ ਹੋਇਆ। ਇਹਨਾਂ ਨੇ ਹੰਭਲਾ ਮਾਰ ਕੇ ਅਤੇ ਪੁਰਾਤਨ ਬਹਾਦਰ ਸਿੰਘਾਂ ਵਾਲਾ ਮਾਰਗ ਵਿਖਾ ਕੇ ਗੁਰਦਵਾਰਾ ਰਕਾਬ ਗੰਜ ਦੀ ਰਹਿੰਦੀ ਸੇਵਾ ਨੂੰ ਸਰਅੰਜਾਮ ਦਿੱਤਾ। ਓਹਨਾਂ ਦੀ ਲਿਖਤੀ ਇਕ ਕਿਤਾਬ ਅਸਾਨੂੰ ਪਹਿਲੇ ਪਹਿਲ ਜੇਲ੍ਹ ਵਿਚ ਮਿਲੀ, ਜਿਸ ਤੋਂ ਅਸਾਨੂੰ ਸ੍ਰੀ ਨਨਕਾਣੇ ਸਾਹਿਬ ਦੇ ਸਾਕੇ ਦਾ ਸਮਾਚਾਰ ਮਿਲਿਆ।

ਨਾਲ ਲਗਵੇਂ ਹੀ ਵੀਰ ਹੀਰਾ ਸਿੰਘ ਜੀ ਦਰਦ ਰਚਿਤ 'ਦਰਦ ਸੁਨੇਹੇ' ਸਾਨੂੰ ਦੂਰ ਦਰਾਜ਼ ਬੈਠਿਆਂ ਨੂੰ ਮਿਲੇ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਦਰਦਨਾਕ ਸਾਕੇ ਦੀ ਤਸਵੀਰ ਅਸਾਡੇ ਸਾਹਮਣੇ ਖੜੀ ਹੋ ਗਈ। ਸ਼ਹੀਦ ਲਛਮਣ ਸਿੰਘ, ਦਲੀਪ ਸਿੰਘ ਅਤੇ ਸਮੂਹ ਸ਼ਹੀਦਾਂ ਦੀਆਂ ਸ਼ਹੀਦੀਆਂ ਅਸਾਡੀਆਂ ਦਿਲ ਦੀਆਂ ਤਖ਼ਤੀਆਂ ਉਤੇ ਅੰਕਰਾਈਆਂ ਤਾਂ ਏਹਨਾਂ ਵੀਰਾਂ ਹੀ ਅੰਕਰਾਈਆਂ। ਏਹਨਾਂ ਦੋਹਾਂ ਵੀਰਾਂ ਦੀ ਉਘੀ ਪੰਥ ਅਤੇ ਦੇਸ਼ ਸੇਵਾ ਕਦੇ ਭੀ ਅਖੀਓਂ ਓਹਲੇ ਨਹੀਂ ਕੀਤੀ ਜਾ ਸਕਦੀ। ਬਲਕਿ ਉਸਦੀ ਯਾਦ ਮਾਤ੍ਰ ਹੀ ਹਿਰਦਿਆਂ ਨੂੰ ਤਰੋ ਤਾਜ਼ਾ ਕਰ ਰਹੀ ਹੈ।

ਹਜ਼ਾਰੀ ਬਾਗ ਜੇਲ੍ਹ ਵਿਚੋਂ ਰਾਜ ਮੁੰਦਰੀ ਜੇਲ੍ਹ ਦਾ

ਚਲਾਣ ਹੋਣ ਸਮੇਂ ਕਈਆਂ ਸਾਲਾਂ ਪਿਛੋਂ ਅਸਾਨੂੰ ਬਾਹਰਲੀ ਹਵਾ ਲਗੀ। ਤਾਂ ਅਸਾਨੂੰ ਪੰਥਕ ਕਾਰਨਾਮਿਆਂ ਦੀਆਂ ਬੇਅੰਤ ਹੀ ਪਵਨ ਝਕੋਲੀਆ ਸੁਗੰਧਾਂ ਆਈਆਂ। ਹੁਣ ਤਾਂ ਅਸਾਨੂੰ ਪੰਥਕ ਅਖਬਾਰਾਂ ਦੀਆਂ ਭੀ ਉਡੰਤ ਆਗਮਨੀਆਂ ਹੋਣ ਲਗ ਪਈਆ। ਪੰਥ ਨਵਲ, ਨਵਲ ਪੰਥ ਸੇਵਕਾਂ ਦੇ ਨਾਉਂ ਅਤੇ ਓਹਨਾਂ ਦੀਆਂ ਅਦੁੱਤੀ ਕੁਰਬਾਨੀਆਂ ਦੀ ਸੋਇ ਸੁਣਿ ਸੁਣਿ ਕੇ ਹੀ ਕ੍ਰਿਤ ਕ੍ਰਿਤ ਹੋਇ ਜਾਂਦੇ ਰਹੇ।

ਸਰਦਾਰ ਖੜਕ ਸਿੰਘ ਦਾ ਨਾਮ ਭੀ ਅਸਾਨੂੰ ਰਾਜ ਮੰਦਰੀ ਜਾ ਕੇ ਵਿਦਤ ਹੋਇਆ। ਜਿਸ ਜੁੜਵੇਂ ਪਿਆਰ ਸਤਿਕਾਰ ਨਾਲ ਸਰਦਾਰ ਖੜਕ ਸਿੰਘ ਜੀ ਅਤੇ ਮਾਸਟਰ ਤਾਰਾ ਸਿੰਘ ਜੀ, ਮਾਸਟਰ ਤਾਰਾ ਸਿੰਘ ਜੀ ਅਤੇ ਗਿਆਨੀ ਸ਼ੇਰ ਸਿੰਘ ਜੀ, ਗਿਆਨੀ ਸ਼ੇਰ ਸਿੰਘ ਜੀ ਅਤੇ ਸ: ਮੰਗਲ ਸਿੰਘ ਜੀ, ਸਰਦਾਰ ਮੰਗਲ ਸਿੰਘ ਜੀ ਅਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਜੀ, ਸਰਦਾਰ ਮਹਿਤਾਬ ਸਿੰਘ ਜੀ ਅਤੇ ਪੰਥ ਦੇ ਪ੍ਰਸਿੱਧ ਤੇ ਨਿਰਭੈ ਯੋਧੇ ਝਬਾਲ ਬਾਦਰਜ਼ ਸ੍ਰੀ ਯੁਤ ਸਰਦਾਰ ਅਮਰ ਸਿੰਘ ਜੀ ਸਾਹਿਬ, ਸਰਦਾਰ ਸਰਮੁਖ ਸਿੰਘ ਜੀ ਅਤੇ ਸਰਦਾਰ ਜਸਵੰਤ ਸਿੰਘ ਜੀ ਸਾਹਿਬਾਨ ਪ੍ਰਸਪਰ ਮਿਲ ਕੇ ਅਤੇ ਇਕ ਜਾਨ ਹੋ ਕੇ ਪੰਥ ਸੇਵਾ ਵਿਖੇ ਜੁਟੇ ਰਹਿੰਦੇ ਸਨ, ਓਹ ਦਿਵਸ ਪੰਥ ਦੇ ਸੁਨਹਿਰੀ ਇਤਿਹਾਸ-ਪਤਰਿਆਂ-ਪੂਰਤ ਹੈ। ਓਦੋਂ ਕੋਈ ਕਿਸੇ ਦੀ ਤਤੀ ਵਾਉ ਭੀ ਸਹਾਰਨ ਦਾ ਰਵਾਦਾਰ ਨਹੀਂ ਸੀ ਹੁੰਦਾ।

ਪਿਆਰੇ ਵੀਰਨੋ ਗੁਰ ਤੁੱਠੇ ਸੱਚੇ ਪਾਤਸ਼ਾਹ ਨੇ ਤੁਸਾਡੇ ਪਾਸੋਂ ਵਧ ਤੋਂ ਵਧ ਪੰਥ ਦੀਆਂ ਖ਼ਿਦਮਤਾਂ ਲਈਆਂ ਹਨ। ਅਕਾਲੀ ਅਰਦਾਸ ਹੈ ਕਿ ਝੋਨਾ ਸਾਹਿਬ ਤਮਝੀਆਂ ਉਕਤ ਖਿਦਮਤਾਂ ਦਾ ਸਿਲਾ ਤੁਸਾਨੂੰ ਇਹੋ ਬਖਸ਼ੇ ਕਿ ਤੁਸਾਡੇ ਅੰਦਰ ਪ੍ਰਸਪਰ ਓਹੋ ਪਿਆਰ-ਕਣੀ ਪ੍ਰਵੇਸ਼ ਹੋਵੇ ਤੇ ਤੁਸਾਡੀਆਂ ਮਤਸਰਾਂ ਅਤੇ ਸ਼ੁਕਰ-ਰੰਜੀਆਂ ਦਾ ਵਿਨਾਸ ਹੋਵੇ।

## ਪੰਥ ਦੀ ਚੜ੍ਹਦੀ ਕਲਾ ਕਦੋਂ ਹੋਣੀ ਹੈ?

ਗੁਰੂ ਨੇ ਆਪਣੇ ਪੰਥ ਦੀ ਚੜ੍ਹਦੀ ਕਲਾ ਜ਼ਰੂਰ ਰਖਣੀ ਹੈ, ਅਰ 'ਨਾਨਕ ਨਾਮ ਚੜ੍ਹਦੀ ਕਲਾ' ਵਾਲਾ ਹੁਲਾਰਾ ਜਦੋਂ ਕਦੀ ਵੱਜਿਆ ਹੈ ਅਤੇ ਵੱਜਣਾ ਹੈ ਤਾਂ ਨਾਮ ਬਾਣੀ ਦੀਆਂ ਅਤੁੱਟ ਕਮਾਈਆਂ ਦੁਆਰਾ ਹੀ ਵੱਜਿਆ ਹੈ ਤੇ ਵੱਜਣਾ ਹੈ। ਨਾਮ ਦੁਆਰਾ ਹੀ ਚੜ੍ਹਦੀ ਕਲਾ ਹੈ। ਨਾਮ ਕਮਾਈਆਂ ਦੁਆਰਾ ਪਹਿਲਾਂ ਚੜ੍ਹਦੀ ਕਲਾ ਵਾਲੇ ਜੋਤਿ-ਜੀਵਨ ਪੈਦਾ ਹੋਣੇ ਹਨ, ਫਿਰ ਓਹਨਾ ਚੜ੍ਹਦੀ ਕਲਾ ਵਾਲੇ ਜੋਤਿ-ਜੀਵਨੀ-ਖਾਲਸ-ਜਨਾਂ ਦੇ ਸਮੁਦਾਇ ਦੁਆਰਾ ਸਰਬੱਤ ਦਾ ਭਲਾ ਹੋਣਾ ਹੈ। ਨਵੀਆਂ ਰੂਹਾਂ ਭੀ ਪੈਦਾ ਹੋਣਗੀਆਂ ਅਤੇ ਪੁਰਾਣੀਆਂ ਰੂਹਾਂ ਸੁਰਜੀਤ ਹੋ ਕੇ ਜਦੋਂ ਨਵਜੀਵਨੀ ਰੂਹਾਂ ਹੋ ਜਾਣਗੀਆਂ ਤਾਂ ਓਹ ਭੀ ਆਉਣ ਵਾਲੀ ਸਰਬੱਤ ਦੇ ਭਲੇ ਵਾਲੀ ਸਾਂਝੀਵਾਲਤਾ ਵਿਚ ਭਾਈਵਾਲ ਹੋਣਗੀਆਂ। ਪਿੱਛੇ ਵੀ ਜੋ ਕਲਾ ਵਰਤੀ, ਉਹ ਨਾਮ ਕਮਾਈ ਵਾਲਿਆਂ ਦੀ ਬਰਕਤ ਸੀ। ਅਨੇਕ ਗੁਪਤ ਪ੍ਰਗਟ ਜੀਵਨ ਜੇਲ੍ਹ ਅੰਦਰ ਬੈਠੇ ਅਤੇ ਬਾਹਰ ਬਿਚਰਦੇ ਹੋਏ ਓਹਨੀਂ ਦਿਨੀਂ ਨਾਮ ਦੀਆਂ ਸਿਰਤੋੜ ਅਭਿਆਸ ਕਮਾਈਆਂ ਕਰ ਰਹੇ ਸਨ, ਜਿਨ੍ਹਾਂ ਦਾ ਪ੍ਰਭਾਵ ਸਾਰੇ ਪੰਥ ਵਿਖੇ ਵਰਤ ਰਿਹਾ ਸੀ, ਹੁਣ ਭੀ ਵਰਤੇਗਾ।

ਗੁਰੂ ਸੱਚਾ ਪਾਤਸ਼ਾਹ ਆਪਣੇ ਪੰਥ ਦਾ ਆਪ ਵਾਲੀ ਹੈ। ਮਤ ਕੋ ਕਿਸੇ ਨੂੰ ਇਹ ਗੁਮਾਨ ਰਹੇ ਕਿ ਕਿਸੇ ਖ਼ਾਸ ਪੰਥਕ ਆਗੂ ਦੀ ਕੁਰਬਾਨੀ ਬਿਨਾਂ ਪੰਥ ਨੇ ਨਹੀਂ ਉਭਰਨਾ। ਕੁਰਬਾਨੀ ਕਰਨ ਕਰਾਵਨਹਾਰਾ ਸਤਿਗੁਰ ਆਪ ਹੈ।

***ਕਾਠ ਕੀ ਪੁਤਰੀ ਕਹਾ ਕਰੈ***
***ਬਪੁਰੀ ਖਿਲਾਵਨਹਾਰੋ ਜਾਨੈ॥੩॥ ਅੰਗ - ੨੦੬***

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਗੁਰਦੁਆਰਾ ਸੁਧਾਰ ਲਹਿਰ ਵਿਚ ਜੋ ਜੋ ਨੁਮਾਇਆਂ ਖ਼ਿਦਮਤਾ ਪੰਥ ਦੇ ਉਘੇ ਨਾਵਾਂ ਵਾਲੇ ਸੇਵਕਾਂ ਨੇ ਕੀਤੀਆਂ ਹਨ, ਉਹ ਕਦੇ ਭੁਲਾਉਣ ਵਾਲੀਆਂ ਨਹੀਂ, ਤੇ ਨਾ ਕਦੇ ਓਹਨਾਂ ਦੀ ਸ਼ਲਾਘਾ ਘੱਟ ਹੋ ਸਕਦੀ ਹੈ। ਗੁਰਦਵਾਰਿਆਂ ਨੂੰ ਪੰਥ ਦੀ ਹਵਾਲਗੀ ਵਿਚ ਲਿਆਉਣ ਲਈ ਜੋ ਨਿੱਗਰ ਸੇਵਾ ਪੰਥ ਦੇ ਜਬਰਜੰਗ ਜੋਧਿਆਂ ਸ੍ਰੀ ਮਾਨ ਭਾਈ ਤੇਜਾ ਸਿੰਘ ਜੀ ਭੁੱਚਰ ਤੇ ਭਾਈ ਕਰਤਾਰ ਸਿੰਘ ਜੀ ਝੱਬਰ ਪਾਸੋਂ ਸਤਿਗੁਰੂ ਨੇ ਲਈ ਹੈ, ਉਸ ਸੇਵਾ ਦੇ ਗੁਣਾਂ ਨੂੰ ਪੰਥ ਕਦੇ ਨਹੀਂ ਭੁਲਾ ਸਕਦਾ। ਜਥੇਬੰਦੀ ਦੀ ਉਸਾਰੀ ਵਿਚ ਜੋ ਅਤੀ ਸ਼ਲਾਘਾ ਯੋਗ ਸੇਵਾ ਉਸ ਸਮੇਂ ਸਤਿਗੁਰੂ ਪੰਥ ਦੇ ਵਾਲੀ ਸ੍ਰੀ ਗੁਰੂ ਦਸਮੇਸ਼ ਜੀ ਨੇ ਆਪਣੇ ਪੰਥ ਸੇਵਕ ਸਰਦਾਰ ਖੜਕ ਸਿੰਘ ਜੀ, ਸਰਦਾਰ ਅਮਰ ਸਿੰਘ ਜੀ ਝਬਾਲੀਆ ਪਾਸੋਂ ਲਈ ਹੈ, ਇਹ ਸਦਾ ਸੁਨਹਿਰੀ ਅੱਖਰਾਂ ਨਾਲ ਲਿਖੀ ਜਾਣ ਵਾਲੀ ਹੈ। ਓਹਨਾਂ ਉਪਰ ਜਿੰਨਾ ਭੀ ਪੰਥ ਮਾਣ ਕਰੇ, ਥੋੜਾ ਹੈ।

ਪਿਆਰਿਓ! ਊਣਤਾਈਆਂ ਤੇ ਭੁਲਾਂ ਤਾਂ ਹੋਇਆ ਹੀ ਕਰਦੀਆਂ ਹਨ, ਪਰ ਕੌਣ ਕਹਿ ਸਕਦਾ ਹੈ ਕਿ ਗਿਆਨੀ ਸ਼ੇਰ ਸਿੰਘ ਨੇ ਮਾਸਟਰ ਤਾਰਾ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਭਾਈ ਸ਼ੇਰ ਸਿੰਘ ਗਿਆਨੀ ਦੇ ਹਮ-ਖਿਆਲੀ ਹੋ ਕੇ ਅਥਕ ਅਤੇ ਅਮੋਲਕ ਸੇਵਾ ਨਹੀਂ ਕੀਤੀ। ਉਹਨਾਂ ਦੇ

***(ਬਾਕੀ ਪੰਨਾ 24 'ਤੇ)***

# ਅੰਮ੍ਰਿਤਧਾਰੀ ਸਿੰਘ

*[ਭਾਈ ਦਾਨ ਸਿੰਘ ਜੀ ਕੋਮਲ]*

ਸਿੰਘ ਜਨਮਦਾ ਤੇਗ ਦੀ ਧਾਰ ਵਿਚੋਂ,
ਨਵਾਂ ਰੂਪ ਲੈ ਵਿਚ ਸੰਸਾਰ ਆਉਂਦੈ।
ਗੁੜ੍ਹਤੀ ਪੀ ਕੇ ਖੰਡੇ ਦੀ ਧਾਰ ਵਿਚੋਂ,
ਚੜ੍ਹਦੀ ਕਲਾ ਵਿਚ ਤਿਆਰ ਬਰ ਤਿਆਰ ਆਉਂਦੈ।
ਸਾਬਤ ਸੂਰਤ ਜਦ ਕੇਸਾਂ ਤੇ ਨਾਲ ਦਾੜ੍ਹੀ,
ਸਿਰ ਤੇ ਬੰਨ੍ਹ ਕੇ ਜਦੋਂ ਦਸਤਾਰ ਆਉਂਦੈ।
ਲੱਖਾਂ ਵਿਚੋਂ ਪਛਾਣਿਆ ਜਾਏ ਕੱਲਾ,
ਲੋਕੀਂ ਦੂਰੋਂ ਹੀ ਕਹਿੰਦੇ ਸਰਦਾਰ ਆਉਂਦੇ।

ਖੰਡੇ-ਧਾਰ ਅੰਮ੍ਰਿਤ ਜਿਹੜਾ ਪਾਨ ਕਰਦੈ,
ਸਿੰਘ ਸੂਰਮਾ, ਪੁਰਖ ਉਹ ਪਰਮ ਹੁੰਦੈ।
ਉਹਦੇ ਮਨ ਵਿਚ ਨਿੰਮ੍ਰਤਾ, ਪ੍ਰੇਮ, ਭਗਤੀ,
ਸਤਿ, ਸੰਤੋਖ, ਸੇਵਾ, ਦਇਆ, ਧਰਮ ਹੁੰਦੈ।
ਜੋਸ਼, ਅਣਖ, ਕੁਰਬਾਨੀ ਤੇ ਬੀਰਤਾ ਵੀ,
ਲੋਕ-ਭਲਾ, ਉਹਦਾ ਸ਼ੁਭ ਕਰਮ ਹੁੰਦੈ।
ਸ਼ਾਂਤੀ, ਖੁਸ਼ੀ, ਗਿਆਨ, ਵੈਰਾਗ, ਮੁਕਤੀ,
ਜੀਊਣ-ਮਰਣ ਦੀ ਚਿੰਤਾ, ਨਾ ਭਰਮ ਹੁੰਦੈ।

ਸਿੰਘ ਸ਼ੇਰ ਵਾਂਗੂ ਸ਼ਕਤੀਵਾਨ ਹੁੰਦੈ,
ਉਹਦੇ ਉਤੇ ਨਿਰਾਲਾ ਹੀ ਰੰਗ ਹੁੰਦੈ।
ਹੱਡਾਂ ਵਿਚ ਰਚਿਆ ਉਹਦੇ ਧਰਮ ਹੁੰਦੈ,
ਸਿੱਖੀ-ਸਿਦਕ ਉਹਦੇ ਅੰਗ ਅੰਗ ਹੁੰਦੈ।
ਉਹਨੂੰ ਗੁਰੂ ਕੀ ਲਾਡਲੀ ਫ਼ੌਜ ਕਹਿੰਦੇ,
ਸਿੰਘ ਸੂਰਮਾ ਸਦਾ ਨਿਹੰਗ ਹੁੰਦੈ।
ਸਿੰਘ ਅਮਨ ਵਿਚ ਸਦਾ ਹੀ ਸੰਤ ਹੁੰਦੈ,
ਜੂਝੇ ਬਣ ਸਿਪਾਹੀ ਜਦ ਜੰਗ ਹੁੰਦੈ।

ਸਿੰਘਾਂ ਵਿਚੋਂ ਦਸਮੇਸ਼ ਦਾ ਰੂਪ ਦਿਸਦੈ,
ਇਕ ਰੱਬ ਤੋਂ ਹੈਨ ਇਹ ਡਰਨ ਵਾਲੇ।
ਆਤਮ ਗਿਆਨੀ, ਨਿਰਲੇਪ ਤੇ ਰਾਜ-ਯੋਗੀ,
ਹਾਮੀ ਸਦਾ ਗੁਰਬਾਣੀ ਦੀ ਭਰਨ ਵਾਲੇ।
ਜੀਵਨ-ਮੌਤ ਨੂੰ ਇਕੋ ਜਿਹਾ ਸਮਝਦੇ ਨੇ,
ਦੁੱਖ ਸੁੱਖ ਨੂੰ ਹੱਸ ਕੇ ਜਰਨ ਵਾਲੇ।
ਹਰਦਮ ਰਹਿਣ ਤਿਆਰ ਕੁਰਬਾਨੀਆਂ ਨੂੰ,
ਸਿਰ ਸਿਦਕ ਲਈ ਤਲੀ ਤੇ ਧਰਨ ਵਾਲੇ।

ਅੰਮ੍ਰਿਤ ਪੀ ਕੇ ਖਾਲਸਾ ਅਮਰ ਹੋਇਆ,
ਨਾ ਹੀ ਹਾਰ ਸਕਿਆ, ਨਾ ਹੀ ਝੁੱਕ ਸਕਿਆ।
ਬੂਟਾ ਧਰਮ ਦਾ ਲਹੂ ਦੇ ਨਾਲ ਪਲਿਆ,
ਨਾ ਹੀ ਢਹਿ ਸਕਿਆ, ਨਾ ਹੀ ਰੁੱਕ ਸਕਿਆ।
ਸੂਰਬੀਰਾਂ ਦਾ ਕਾਫ਼ਲਾ, ਠੀਕ ਰਾਹੋਂ,
ਨਾ ਹੀ ਉੱਕ ਸਕਿਆ, ਨਾ ਹੀ ਰੁੱਕ ਸਕਿਆ।
ਕਿਸੇ ਸਮੇਂ ਜ਼ਰੂਰ ਇਹ ਘਟ ਗਿਆ ਸੀ,
ਪਰ ਨਾ ਮਰ ਸਕਿਆ, ਨਾ ਹੀ ਮੁੱਕ ਸਕਿਆ।

ਐਸੇ ਸਿੰਘਾਂ ਨੇ ਲੱਖਾਂ ਹੀ ਜ਼ਾਲਮਾਂ ਦੀ,
ਰੱਖ ਦਿਤੀ ਸੀ ਮਿੱਟੀ ਵੈਰਾਨ ਕਰ ਕੇ।
ਕਰਤੱਵ ਇਹਨਾਂ ਦੇ ਵਧ ਕੇ ਕਰਾਮਾਤੋਂ,
ਰਖਿਆ ਜੱਗ ਨੂੰ ਇਹਨਾਂ ਹੈਰਾਨ ਕਰ ਕੇ।
'ਕੋਮਲ' ਪਰ-ਉਪਕਾਰੀ ਇਹ ਪਾਤਸ਼ਾਹ ਨੇ,
ਜੀਉਂਦੇ ਜਾਗਦੇ ਉੱਚੇ ਨਿਸ਼ਾਨ ਕਰ ਕੇ।
ਮਰਨਾ ਜੀਉਣ ਖ਼ਾਤਰ, ਜੀਣਾ ਮਰਨ ਖ਼ਾਤਰ,
ਸਿੰਘਾਂ ਸਿੱਖਿਆ ਏ ਅੰਮ੍ਰਿਤ ਪਾਨ ਕਰ ਕੇ

*('ਰਤੇ ਇਸ਼ਕ ਖੁਦਾਇ' ਵਿਚੋਂ)*

# ਪਤਿ ਵਿਣੁ ਪੂਜ

***[ਗੁਰਪੁਰਵਾਸੀ ਪ੍ਰਿੰਸੀਪਲ ਗੁਰਮੁਖ ਸਿੰਘ ਜੀ]***

***ਪਤਿ ਵਿਣੁ ਪੂਜਾ, ਸਤ ਵਿਣੁ ਸੰਜਮੁ, ਜਤ ਵਿਣੁ ਕਾਹੇ ਜਨੇਊ॥***
***ਨਾਵਹੁ ਧੋਵਹੁ ਤਿਲਕੁ ਚੜਾਵਹੁ, ਸੁਚ ਵਿਣੁ ਸੋਚ ਨ ਹੋਈ॥੬॥੧॥ ਅੰਗ - ੧-੯੦੩***

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਲਾਮ ਭਾਰਤ ਵਿਚ ਹਿੰਦੂ ਧਰਮ ਦੇ ਧਾਰਮਕ ਆਗੂਆਂ ਦਾ ਦੁਬਾਜਰਾ ਰਵੱਈਆ, ਡਬਲ ਸਟੈਂਡਰਡ ਦਾ ਵਿਵਹਾਰ ਚੰਗੀ ਤਰ੍ਹਾਂ ਦੇਖਿਆ ਤੇ ਉਸ ਬਾਰੇ ਆਪਣੀ ਬਾਣੀ ਵਿਚ ਉਹਨਾਂ ਦੀ ਹਾਸੋ ਹੀਣੀ ਦਸ਼ਾ ਦਾ ਵਰਨਣ ਕੀਤਾ। ਬ੍ਰਾਹਮਣ ਭਾਵੇਂ ਹਿੰਦੂ ਧਰਮ ਦਾ ਸਰਬਉੱਚ ਗਾਈਡ ਸੀ, ਪਰ ਉਸ ਦੀ ਹਾਲਤ ਤਰਸਯੋਗ ਸੀ। ਉਹ ਪੂਜਾ ਜ਼ਰੂਰ ਕਰਦਾ ਸੀ, ਪਰ ਉਸ ਪੂਜਾ ਵਿਚ ਕੋਈ ਸਾਰ ਨਹੀਂ ਸੀ। ਉਸਦੀ ਪੂਜਾ ਦਰਗਾਹ ਪਰਵਾਣ ਹੋ ਕੇ ਉਸਨੂੰ ਇੱਜ਼ਤ ਬਖਸ਼ਣ ਯੋਗ ਨਹੀਂ ਸੀ। ਬਿਨਾਂ ਇੱਜ਼ਤ ਆਬਰੂ ਦੇ, ਪੂਜਾ ਕਾਹਦੀ ਹੋਈ? ਸਤ ਵਿਣੁ ਸੰਜਮ ਕਾਹਦਾ, ਜਤ ਸਤ ਤੋਂ ਬਿਨਾਂ ਜਨੇਊ ਦਾ ਕੀ ਲਾਭ?

ਸਤਿਗੁਰੂ ਜੀ ਨੇ ਵੇਖ ਲਿਆ ਸੀ ਕਿ ਗ਼ੁਲਾਮ ਭਾਰਤ ਦਾ ਧਾਰਮਕ ਆਗੂ ਪੂਜਾ ਵਿਚ ਭੀ ਪਖੰਡ ਕਰਨ ਲਗ ਪਿਆ ਹੈ -

***ਅੰਤਰਿ ਪੂਜਾ, ਪੜਹਿ ਕਤੇਬਾ, ਸੰਜਮੁ ਤੁਰਕਾ ਭਾਈ॥***
***ਛੋਡੀਲੇ ਪਾਖੰਡਾ॥ ਨਾਮਿ ਲਇਐ ਜਾਹਿ ਤਰੰਦਾ॥੧॥੧੯॥***
***ਆਸਾ ਦੀ ਵਾਰ - ੪੭੧***

ਆਪਣੇ ਘਰ ਦੇ ਅੰਦਰ ਲੁਕ ਕੇ ਠਾਕੁਰਾਂ ਦੀ ਪੂਜਾ ਕਰਦਾ ਹੈਂ, ਤੇ ਮੁਸਲਮਾਨ ਹਾਕਮਾਂ ਨੂੰ ਖੁਸ਼ ਕਰਨ ਲਈ ਉਹਨਾਂ ਦੇ ਪਵਿਤਰ ਕੁਰਾਨ ਨੂੰ ਪੜ੍ਹਦਾ ਹੈਂ, ਅਤੇ ਤੁਰਕਾਂ ਵਾਲੀ ਰਹਿਤ ਰਹਿਣੀ ਦਾ ਧਾਰਨੀ ਬਣ ਗਿਆ ਹੈਂ। ਇਹ ਪਖੰਡ ਛਡ ਦੇਹ। ਇਸ ਨਾਲ ਰੱਬੀ ਦਰਗਾਹ ਵਿਚ ਤੇਰੀ ਕੋਈ ਇਜ਼ਤ ਨਹੀਂ ਹੋਣੀ। ਨਾਮ ਜਪਿਆਂ ਹੀ ਤੂੰ ਤੁਰ ਸਕਦਾ ਹੈਂ, ਨਹੀਂ ਤਾਂ ਨਹੀਂ।

ਬ੍ਰਾਹਮਣ ਤੋਂ ਦੂਜੇ ਨੰਬਰ ਤੇ ਖਤਰੀ ਹੈ। ਗੁਰੂ ਪਾਤਸ਼ਾਹ ਨੇ ਉਸਨੂੰ ਭੀ ਗ਼ੁਲਾਮੀ ਦੀ ਜ਼ਹਿਨੀਅਤ ਦਾ ਸ਼ਿਕਾਰ ਵੇਖਿਆ। ਜੋ ਕੌਮ ਆਪਣੀ ਬੋਲੀ, ਆਪਣੀ ਰਹਿਤ-ਰਹਿਣੀ ਨੂੰ ਤਿਲਾਂਜਲੀ ਦੇ ਕੇ ਬਿਗਾਨੀ ਬੋਲੀ ਅਤੇ ਬਿਗਾਨੇ ਕਲਚਰ ਨੂੰ ਗ੍ਰਹਿਣ ਕਰਦੀ ਹੈ, ਉਸ ਅੰਦਰ ਆਪਣੇ ਕਲਚਰ ਪ੍ਰਤੀ ਹੀਣਤਾ ਭਾਵ ਹੈ। ਸਮੇਂ ਦੀ ਹਵਸ਼ ਦੇ ਮਗਰ ਲਗਣ ਵਿਚ ਜਿਹੜਾ ਮਨੁੱਖ ਆਪਣੇ ਧਰਮ ਨੂੰ, ਆਪਣੇ ਕਲਚਰ ਨੂੰ ਛਡ ਬੈਠੇ, ਉਸਨੂੰ ਗੁਰੂ ਜੀ ਗ਼ੁਲਾਮ ਕਹਿੰਦੇ ਹਨ। ਹਿੰਦੂ ਧਰਮ ਦੇ ਆਗੂ ਇਕ ਪਾਸੇ ਮੁਸਲਮਾਨਾਂ ਨੂੰ ਮਲੇਛ ਕਹਿੰਦੇ ਸਨ ਤੇ ਦੂਜੇ ਪਾਸੇ ਉਹਨਾਂ ਨਾਲ ਵਰਤਦੇ ਸਨ, ਉਹਨਾਂ ਦੀ ਬੋਲੀ ਸਿਖਦੇ ਸਨ। ਇਹ ਸਭ ਗੁਲਾਮੀ ਦੀ ਜ਼ਹਿਨੀਅਤ ਦੀਆਂ ਗੱਲਾਂ ਸਨ -

***ਖਤ੍ਰੀਆ ਤ ਧਰਮੁ ਛੋਡਿਆ, ਮਲੇਛ ਭਾਖਿਆ ਗਹੀ॥***
***ਸ੍ਰਿਸਟਿ ਸਭ ਇਕ ਵਰਨ ਹੋਈ, ਧਰਮ ਕੀ ਗਤਿ ਰਹੀ॥੩॥੧॥੬॥੮॥ ਅੰਗ - ੧-੬੩***

ਭਾਵ, ਖਤਰੀਆਂ ਨੇ ਭੀ ਆਪਣਾ ਸੂਰਮਗਤੀ ਵਾਲਾ ਧਰਮ ਛਡ ਕੇ ਅਰਬੀ ਫ਼ਾਰਸੀ ਸਿੱਖ ਲਈ ਹੈ। ਉਹਨਾਂ ਦਾ ਫ਼ਰਜ਼ ਬਣਦਾ ਸੀ ਕਿ ਉਹ ਆਪਣੇ ਦੇਸ਼ ਦੇ ਧਰਮ ਕਰਮ ਅਤੇ ਕਲਚਰ ਤੇ ਬੋਲੀ ਦੀ ਰੱਖਿਆ ਕਰਦੇ, ਪਰ ਉਹਨਾਂ ਦੀ ਇਸ ਅਣਗਹਿਲੀ ਕਾਰਨ ਆਮ ਜਨਤਾ ਮੁਸਲਮਾਨੀ ਅਸਰ ਹੇਠਾਂ ਆ ਰਹੀ ਹੈ। ਇਹ ਗੁਲਾਮੀ ਵਾਲੀ ਮਿਲਵਰਤਣ ਹੈ, ਇਸ ਨਾਲ ਧਰਮੀ ਪੁਰਸ਼ਾਂ ਦਾ ਜਾਂ ਧਰਮ ਦਾ ਵਿਕਾਸ ਨਹੀਂ ਹੋ ਸਕਦਾ।

ਮਹਾਨ ਕੋਸ਼ ਅਨੁਸਾਰ 'ਲਾਲਾ' ਸ਼ਬਦ ਦੇ ਅਰਥ ਹਨ ਗ਼ੁਲਾਮ ਜਾਂ ਦਾਸ। ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਮਹਿਮੂਦ ਗਜ਼ਨਵੀ ਦੇ ਸਤਾਵਾਂ ਹਮਲਿਆਂ (੧੦੩੦ ਈਸਵੀ

ਤੋਂ ੧੦੨੬) ਤੋਂ ਬਾਅਦ, ਹਿੰਦੂਆਂ ਨੂੰ ਲਾਲਾ ਕਹਿ ਕੇ ਪੁਕਾਰਨ ਦਾ ਇਸਲਾਮੀ ਦੇਸ਼ਾਂ ਵਿਚ ਰਿਵਾਜ ਪਿਆ। ਇਥੋਂ ਦੇ ਬਹੁਤ ਸਾਰੇ ਲੋਕ ਲਾਲੇ ਬਣਾ ਕੇ ਗ਼ਜ਼ਨੀ ਲਿਜਾਏ ਗਏ ਤੇ ਦਾਸਾਂ ਵਾਂਗ ਵੇਚੇ ਗਏ। ਮਗਰੋਂ ਅਫਗ਼ਾਨ ਸ਼ਾਸਕਾਂ ਨੇ ਜਦੋਂ ਭਾਰਤ ਵਿਚ ਆਪਣਾ ਰਾਜ ੧੧੯੧ ਈਸਵੀ ਵਿਚ ਕਾਇਮ ਕੀਤਾ ਤਾਂ ਹਿੰਦੂਆਂ ਨੂੰ ਲਾਲਾ ਕਹਿਣ ਦਾ ਰਿਵਾਜ ਪੈ ਗਿਆ। ਅਤੇ ਆਮ ਜਨਤਾ ਲਾਲਾ ਅਖਵਾ ਕੇ ਰਾਜੀ ਸੀ। ਭਾਵ, ਉਹਨਾਂ ਨੇ ਹੀਣਤਾ ਭਾਵ ਸਵੀਕਾਰ ਕਰ ਲਿਆ ਹੋਇਆ ਸੀ।

ਸਤਿਗੁਰੂ ਸਾਹਿਬਾਨ ਦਾ ਪਹਿਲਾ ਜਤਨ ਇਹ ਜਾਪਦਾ ਹੈ ਕਿ ਉਹਨਾਂ ਨੇ ਕਿਸੇ ਆਪਣੇ ਸਿਖ ਦੇ ਨਾਮ ਨਾਲ ਲਾਲਾ ਸ਼ਬਦ ਨਹੀਂ ਜੋੜਿਆ। ਉਹਨਾਂ ਨੇ 'ਭਾਈ ਸ਼ਬਦ ਜੋੜ ਕੇ ਇਸ ਨਵੇਂ ਭਾਈਚਾਰੇ ਵਿਚ ਸੱਚਾ ਭਾਈਚਾਰਾ ਕਾਇਮ ਕੀਤਾ। ਮੈਂ ਭਾਈ ਲਾਲੋ, ਭਾਈ ਉਦੈ, ਆਈ ਪੰਗਾ, ਭਾਈ ਮੋਖਾ, ਭਾਈ ਆਲਾ ਸੁਣ ਬਾਦ ਭਾਈ ਮੰਝ, ਭਾਈ ਪਾਰੋ, ਭਾਈ ਬੁੱਢਾ ਜੀ, ਭਾਈ ਗੁਰਦਾਸ ਜੀ, ਆਦਿ। ਉਹ ਮਾਨਸਿਕ ਤੌਰ ਤੇ ਆਪਣੇ ਸਿੱਖ ਦੇ ਅੰਦਰੋਂ ਗ਼ੁਲਾਮੀ ਕਢਣਾ ਚਾਹੁੰਦੇ ਸਨ। ਬਿਪਰਨ ਕੀ ਰੀਤ ਵਾਲੇ ਹੁਣ ਭੀ ਲਾਲੇ ਸਦਵਾਈ ਜਾਂਦੇ ਹਨ, ਭਾਵੇਂ ਲਾਲੇ ਸ਼ਬਦ ਦੇ ਅਰਥਾਂ ਵਿਚ ਕਾਫ਼ੀ ਫੇਰ ਬਦਲ ਹੋਇਆ ਹੈ)। ਅਗੋਂ ਚਲ ਕੇ ਦਸਵੇਂ ਸਤਿਗੁਰੂ ਜੀ ਨੇ ਭਾਈ ਸ਼ਬਦ ਨੂੰ ਨਵਾਂ ਸਰੂਪ ਬਖਸ਼ਿਆ 'ਸਰਦਾਰ'। ਜੇ ਲਾਲਾ ਗ਼ੁਲਾਮ ਨੂੰ ਕਹਿੰਦੇ ਹਨ ਤਾਂ ਸਰਦਾਰ ਤੋਂ ਭਾਵ ਹੈ ਹਾਕਮ। ਜਿਵੇਂ ਮਾਨਸ ਨੂੰ ਸਰਦਾਰੀ ਬਖਸ਼ੀ॥

'ਪਤਿ ਵਿਣੁ ਪੂਜਾ?' ਨੇ ਸਿਖ ਮਾਨਸਿਕਤਾ ਵਿਚ ਅਣਖ ਦੀ ਚਿਣਗ ਜਗਾਈ। ਸਪੱਸ਼ਟ ਹੈ ਜੇਕਰ ਧਰਮੀ ਬੰਦਾ ਸਵੈਮਾਨ ਨਾਲ ਜੀ ਨਹੀਂ ਸਕਦਾ ਤਾਂ ਉਹ ਕਾਹਦਾ ਧਰਮੀ ਜਾਂ ਭਗਤ ਹੋਇਆ। ਬ੍ਰਾਹਮਣ ਨੇ ਧਰਮੀ ਬਣਨ ਦਾ ਜੋ ਮਿਆਰ (ਸਟੈਂਡਰਡ) ਆਪਣੀ ਲੁਕਾਈ ਸਾਹਮਣੇ ਹੁਣ ਤਕ ਰੱਖਿਆ ਸੀ, ਉਸ ਵਿਚ ਸਵੈਮਾਨ ਨਹੀਂ ਸੀ। ਗੁਰਬਾਣੀ ਨੇ ਆਪਣੇ ਪਵਿਤਰ ਉਪਦੇਸ਼ਾਂ ਰਾਹੀਂ ਇਕ ਅਜਿਹੇ ਪੰਥ ਦਾ ਨਿਰਮਾਣ ਕੀਤਾ ਜੋ ਪੂਜਾ ਦੇ ਮਾਮਲੇ ਵਿਚ ਬ੍ਰਾਹਮਣੀ ਪੂਜਾ ਤੋਂ ਸੁਤੰਤਰ ਅਤੇ ਰਹਿਤ ਰਹਿਣੀ ਦੇ ਮਾਮਲੇ ਵਿਚ ਸਾਦਾ ਸੀ। ਟੇਕ ਇੱਹ ਅਕਾਲ ਦੀ, ਭਰੋਸਾ ਗੁਰੂ ਦਾ, ਅਮਲ ਨੇਕ ਤੇ ਵਿਚਾਰ ਸ਼ੁਧ ਨੇ ਸਿਖ ਨੂੰ ਨਿਰਭਉ ਦੇ ਨਾਲ ਨਾਲ ਨਿਰਵੈਰ ਭੀ ਬਣਾਇਆ। ਨਿਰਭਉ ਤੇ ਨਿਰਵੈਰ ਵਿਅਕਤੀ ਅੰਦਰ ਅਣਖ ਦਾ ਜਾਗਣਾ ਕੁਦਰਤੀ ਹੁੰਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਸ਼ਹੀਦੀਆਂ ਨੇ ਸਿਖਾਂ ਦੀ ਅਣਖ ਜਗਾ ਕੇ ਭਗਤੀ ਦੇ ਨਾਲ ਨਾਲ ਸ਼ਕਤੀ ਨੂੰ ਜਨਮ ਦਿਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਣੀਆਂ ਅਤੇ ਮੁਗਲ ਸਾਮਰਾਜ ਨਾਲ ਚਾਰ ਲੜਾਈਆਂ ਲੜਨ ਦਾ ਮਕਸਦ ਅਣਖ ਤੇ ਸਵੈਮਾਣ ਨੂੰ ਕਾਇਮ ਕਰ ਕੇ ਪੈਰਾਂ ਤੇ ਖੜਾ ਕਰਨਾ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਿਛੋਂ ਸ੍ਰੀ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਿਰਜਣਾ ਕਰ ਕੇ ਸਰਦਾਰੀ ਦਾ ਖ਼ਿਤਾਬ ਦਿੱਤਾ ਤੇ ਜ਼ੁਲਮ ਨਾਲ ਲੋਹਾ ਲੈਣ ਲਈ ਤਿਆਰ ਕੀਤਾ। ਦਸਵੇਂ ਸਤਿਗੁਰਾਂ ਦੀ ਬਾਣੀ ਵਿਚ ਐਸੇ ਸੰਕੇਤ ਮਿਲਦੇ ਹਨ ਜਿਨ੍ਹਾਂ ਤੋਂ ਖਾਲਸਾ ਪੰਥ ਨੂੰ ਅਣਖ ਨਾਲ ਜੀਉਣ ਦੀ ਪ੍ਰੇਰਨਾ ਮਿਲਦੀ ਹੈ। ਭੰਗਾਣੀ ਦੇ ਜੁਧ ਦੇ ਬਿਰਤਾਂਤ ਵਿਚ ਇਉਂ ਦਰਜ ਹੈ –

***ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥੩੧॥***

***ਬਚਿਤ੍ਰ ਨਾਟਕ, ਧਿਆਇ ੮***

ਇਸ ਦਾ ਪ੍ਰਭਾਵ ਹੈ ਕਿ ਜਦੋਂ ਜਦੋਂ ਭੀ ਖਾਲਸੇ ਨਾਲ ਕਿਤੇ ਭੀ ਧੱਕਾ ਹੋਇਆ ਹੈ ਉਦੋਂ ਉਦੋਂ ਖਾਲਸੇ ਦੀ ਅਣਖ ਜਾਗੀ ਹੈ। ਛੋਟੇ ਸਾਹਿਬਜ਼ਾਦਿਆਂ ਦੀ ਮਾਸੂਮ ਸ਼ਹੀਦੀ ਨੇ ਸਾਰੇ ਪੰਜਾਬ ਦੇ ਖਾਲਸੇ ਨੂੰ ਐਸਾ ਲਾਮਬੰਦ ਕੀਤਾ ਕਿ ਛੇ ਸਾਲਾਂ ਵਿਚ ਹੀ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਮੁਗ਼ਲਾਂ ਦੇ ਉਹ ਦੰਦ ਖੱਟੇ ਕੀਤੇ ਗਏ ਕਿ ਰਹੇ ਰੱਬ ਦਾ ਨਾਉਂ। ਸਰਹੰਦ, ਸਮਾਣਾ, ਸਢੌਰਾ, ਕੈਪੜ, ਸੁਨਾਮ, ਹੁਣ ਕੁਝ ਸਿੰਘਾਂ ਦੇ ਬਣਾਏ ਖੰਡਰ ਮਿਟਾ ਨਹੀਂ ਸਕੇ। ਬੰਦਾ ਸਿੰਘ ਨੂੰ ਖੂਨੀ ਬੱਚੇ ਦਾ ਖਿਤਾਬ ਮੁਗ਼ਲਾਂ ਨੇ ਉਹਨਾਂ ਦੇ ਕਾਰਨਾਮੇ ਦੇਖ ਕੇ ਦਿਤਾ ਸੀ। ਸਤਿਗੁਰੂ ਜੀ ਦੇ ਸਿਖਾਂ ਨੇ ਬਾਣੀ ਅਤੇ ਗੁਰੂ ਸਾਹਿਬਾਨ ਦੇ ਆਪਣੇ ਪਾਏ ਪੂਰਨਿਆਂ ਤੋਂ ਇਹ ਚੰਗੀ ਤਰ੍ਹਾਂ ਸਿਖ ਲਿਆ ਸੀ ਕਿ ਨਿਰੀ ਭਗਤੀ ਕਰਨਾ ਤੇ ਧਰਮੀ ਜੀਵਨ ਜੀਉਣਾ ਹੀ ਕਾਫੀ ਨਹੀਂ। ਧਰਮੀ ਨੂੰ ਆਪਣੀ ਰੱਖਿਆ ਆਪ ਕਰਨ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ।

ਕਹਿੰਦੇ ਹਨ, ਦਸਵੇਂ ਪਾਤਸ਼ਾਹ ਦੇ ਬਵੰਜਾ ਕਵੀਆਂ ਨੂੰ ਕਵਿਤਾ ਲਿਖਣ ਲਈ ਸਿਰਲੇਖ ਪੂਰਨ ਮਨੁਖ ਸਤਿਗੁਰਾਂ ਵਲੋਂ ਦਿੱਤਾ ਗਿਆ। ਸਭ ਕਵੀਆਂ ਨੇ ਕਵਿਤਾਵਾਂ ਬੜੇ ਚਾਉ

ਨਾਲ ਲਿਖੀਆਂ ਤੇ ਉਨ੍ਹਾਂ ਭਰੇ ਦੀਵਾਨ ਹਾਲ ਵਿਚ ਬੜੇ ਉਤਸ਼ਾਹ ਨਾਲ ਸੁਣਾਈਆਂ। ਸਤਿਗੁਰੂ ਜੀ ਸੁਣ ਕੇ ਹਸ ਛਡਦੇ ਤੇ ਸਿਰ ਹਿਲਾ ਛਡਦੇ, ਜਿਸਦਾ ਭਾਵ ਸੀ ਕਿ ਨਹੀਂ। ਕਵੀਆਂ ਨੇ ਗੁਰਮਤਿ ਆਸ਼ੇ ਅਨੁਸਾਰ 'ਪੂਰਨ ਮਨੁੱਖ' ਦਾ ਨਕਸ਼ਾ ਖਿੱਚਣ ਦਾ ਜਤਨ ਕੀਤਾ ਸੀ। ਪਰ ਅਜ ਸਾਹਿਬੇ ਕਮਾਲ, ਹਰ ਇਕ ਕਵੀ ਦੀ ਕਵਿਤਾ ਸੁਣ ਕੇ ਸਿਰ ਕਿਉਂ ਹਿਲਾ ਦਿੰਦੇ ਹਨ? ਇਹ ਹਰ ਇਕ ਦੇ ਮਨ ਵਿਚ ਉਠਦਾ ਸੀ। ਉਹਨਾਂ ਦੇ ਪੁੱਛਣ ਤੇ ਸਤਿਗੁਰੂ ਜੀ ਨੇ ਗਰਜਵੀਂ ਆਵਾਜ਼ ਨਾਲ ਕਿਹਾ ਕਿ ਤੁਸਾਂ ਕੇਵਲ ਗ਼ੁਲਾਮ ਭਾਰਤ ਦੇ ਸੰਤਾਂ ਸਾਧੂਆਂ ਦੇ ਜੀਵਨ ਨੂੰ ਹੀ ਆਦਰਸ਼ ਮੰਨ ਕੇ ਆਪਣੀ ਕਵਿਤਾ ਵਿਚ ਚਿਤਰਿਆ ਹੈ। ਮੇਰੇ ਸਾਹਮਣੇ ਸੁਤੰਤਰ ਖਾਲਸੇ ਦਾ ਸੁਤੰਤਰ ਆਦਰਸ਼ ਹੈ। ਖਾਲਸਾ ਸੰਤ ਭੀ ਹੋਵੇਗਾ ਤੇ ਸਿਪਾਹੀ ਭੀ, ਧਰਮੀਂ ਭੀ ਹੋਵੇਗਾ ਪਰ ਅਣਖੀ ਵੀ। ਸਵਾ ਲੱਖ ਨਾਲ ਮੁਕਾਬਲਾ ਕਰਨ ਦਾ ਹੌਸਲਾ ਉਸ ਅੰਦਰ ਹੋਵੇਗਾ। ਖਾਲਸੇ ਨੂੰ ਵਰਦਾਨ ਦਿਤਾ -

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈਂ ਸਾਰਾ॥*
*ਜਬ ਇਹ ਗਹੇ ਬਿਪਰਨ ਕੀ ਰੀਤਿ॥*
*ਮੈ ਨ ਕਰਉਂ ਇਨ ਕੀ ਪਰਤੀਤ॥*

ਭਾਵ : ਕਿ ਜਦ ਤਕ ਖਾਲਸਾ ਗੁਰਮਤਿ ਮਾਰਗ ਤੇ ਚਲਦਾ ਰਹੇਗਾ, ਉਦੋਂ ਤਕ ਮੈਂ ਆਪਣਾ ਸਾਰਾ ਆਤਮਕ ਤੇਜ਼ ਉਸ ਦੇ ਅੰਗ ਸੰਗ ਰਖਾਂਗਾ। ਪਰ ਜਦੋਂ ਇਹ ਬ੍ਰਾਹਮਣੀ ਰੀਤ-ਰਹਿਣੀ ਵਿਚ ਪੈ ਜਾਵੇਗਾ ਤੇ ਗੁਰਮਤਿ ਮਾਰਗ ਤੋਂ ਦੂਰ ਹੋ ਜਾਵੇਗਾ, ਮੇਰਾ ਤੇਜ ਪਰਤਾਪ ਇਸ ਨਾਲ ਨਹੀਂ ਹੋਵੇਗਾ ਤੇ ਨਾ ਹੀ ਮੈਂ ਐਸੇ ਖਾਲਸਾ ਦਾ ਭਰੋਸਾ ਕਰਾਂਗਾ।

ਸਮੇਂ ਦੇ ਬੀਤਣ ਨਾਲ ਅਣਖ ਨੇ ਫੋਕੇ ਹੰਕਾਰ ਦਾ ਰੂਪ ਧਾਰਨ ਕਰ ਲਿਆ। ਖਾਲਸੇ ਦੇ ਜੀਵਨ ਵਿਚੋਂ ਹੌਲੀ ਹੌਲੀ ਨਾਮ ਬਾਣੀ ਦੀ ਕਮਾਈ ਜਿਉਂ ਜਿਉਂ ਘਟਦੀ ਗਈ, ਤਿਉਂ ਤਿਉਂ ਅਣਖ ਦੀ ਮਾਤ੍ਰਾ ਭੀ ਘਟਦੀ ਗਈ। ਅਣਖ ਅਤੇ ਮਾੜੇ ਮਾੜੇ ਨਿਜੀ ਵਕਾਰ ਵਿਚਕਾਰ ਫਰਕ ਸਮਝਣਾ ਮੁਸ਼ਕਲ ਹੋ ਗਿਆ। ਵਰਤਮਾਨ ਸਮੇਂ ਵਿਚ ਅਣਖ ਦੇ ਪ੍ਰਗਟਾਵੇ ਦੇ ਜੋ ਜੋ ਦਮਗਜੇ ਮਾਰੇ ਗਏ ਹਨ, ਉਹਨਾਂ ਦਾ ਮੁਲਾਂਕਣ ਤਾਂ ਆਉਣ ਵਾਲੇ ਇਤਿਹਾਸਕਾਰ ਹੀ ਕਰਨਗੇ। ਪਰ ਕੀ ਆਪੋ ਵਿਚ ਪਾਟੀ ਹੋਈ ਕੌਮ ਦੀ ਅਣਖ ਸਾਬਤ ਰਹਿ ਸਕਦੀ ਹੈ?

ਖਾਲਸੇ ਨੇ ਅਣਖ ਕਿੱਥੇ ਵਰਤਣੀ ਹੈ? ਇਹ ਇਕ ਬੜਾ ਗੰਭੀਰ ਮਸਲਾ ਹੈ। ਮਹਾਰਾਜਾ ਰਣਜੀਤ ਸਿੰਘ ਤੋਂ ਮਗਰੋਂ ਖ਼ਾਲਸਾ ਫੌਜਾਂ ਆਪੋ ਵਿਚ ਲੜੀਆਂ। ਕੀ ਇਹ ਅਣਖ ਦਾ ਪ੍ਰਗਟਾਵਾ ਹੋ ਰਿਹਾ ਸੀ ਜਾਂ ਹਉਮੈ ਦਾ? ਇਹ ਤਾਂ ਨਿਜੀ ਵਕਾਰਾਂ ਦੀ ਟੱਕਰ ਸੀ, ਜਿਸ ਨੇ ਬਾਬਾ ਬੀਰ ਸਿੰਘ ਵਰਗੇ ਮਹਾਨ ਬ੍ਰਹਮ ਗਿਆਨੀਆਂ ਨੂੰ ਭੀ ਸੁਲਾਹ ਕਰਾਉਂਦੇ ਤੋਪਾਂ ਨਾਲ ਉਡਾ ਦਿੱਤਾ। ਨਿਜੀ ਵਕਾਰ ਨੇ ਸਿਆਸੀ ਰੂਪ ਧਾਰਨ ਕਰ ਕੇ ਖਾਲਸੇ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ।

ਗੁਰੂ ਸਾਹਿਬਾਂ ਦੇ ਪਾਏ ਪੂਰਨੇ ਤਾਂ ਇਹੋ ਸੇਧ ਦਿੰਦੇ ਹਨ ਕਿ ਖਾਲਸੇ ਦਾ ਮੁੱਖ ਕੰਮ ਨਾਮ ਜਪਣਾ ਹੈ, ਧਰਮ ਦੀ ਕਿਰਤ ਕਰਨੀ ਹੈ, ਵੰਡ ਕੇ ਛਕਣਾ ਹੈ, ਸਰਬੱਤ ਦਾ ਭਲਾ ਕਰਨਾ ਹੈ। ਧਰਮ ਦੀ ਜਦੋਂ ਹਾਨੀ ਹੁੰਦੀ ਦਿਸੇ, ਖਾਲਸਾ ਆਪਣੀ ਅਣਖ ਦੇ ਜੌਹਰ ਦਿਖਾਵੇ। ਪਰ ਵਜ਼ੀਰੀਆਂ ਤੇ ਪਾਰਲੀਮੈਂਟ ਦੀਆਂ ਕੁਰਸੀਆਂ ਲੈਣ ਲਈ ਜਾਗਦੀ ਅਣਖ, ਕੀ ਅਣਖ ਆਖੀ ਜਾ ਸਕਦੀ ਹੈ। ਸੱਚੇ ਭਗਤ ਦਾ ਸਵੈਮਾਨ ਅਣਖ ਹੈ। ਇਸ ਵਿਸ਼ੇ ਤੇ ਹੋਰ ਸੋਚਣ ਦੀ ਲੋੜ ਹੈ ਕਿ ਅਣਖ ਅਤੇ ਵਿਅਕਤੀ ਦੇ ਮਾਣ ਵਿਚਕਾਰ ਵੰਡ-ਰੇਖਾ ਕਿੱਥੇ ਖਿਚੀ ਜਾਏ? ਸ੍ਰੀ ਗੁਰੂ ਅਰਜਨ ਦੇਵ ਜੀ ਇਕ ਸੇਧ ਦੇ ਰਹੇ ਹਨ -

*ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ॥*
*ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ॥੨॥੨੬॥੯੬॥*
*ਅੰਗ - ੫੧*

ਗੁਰੂ ਘਰ ਵਿਚ ਅਣਖ ਦਾ ਪ੍ਰਗਟਾਵਾ : ਸ਼ਾਂਤਮਈ ਰਹਿ ਕੇ ਕੀਤਾ ਗਿਆ ਹੈ ਅਤੇ ਸ਼ਸਤਰਾਂ ਨਾਲ ਭੀ ਕੀਤਾ ਗਿਆ ਹੈ। ਪੰਜਵੇਂ ਅਤੇ ਨੌਵੇਂ ਸਤਿਗੁਰਾਂ ਦੀਆਂ ਸ਼ਹੀਦੀਆਂ, ਅਣਖ ਦਾ ਸ਼ਾਂਤਮਦੀ ਸਰੂਪ ਹਨ। ਸੀਸ ਦੀਆ ਪਰ ਸਿਰਰੁ ਨ ਦੀਆ' ਅਤੇ ਜਫਰਨਾਮੇ ਤਕ ਦੀਆਂ ਘਟਨਾਵਾਂ ਅਣਖ ਦਾ ਹੀ ਪ੍ਰਗਟਾਵਾ ਹੈ।

ਅਣਖ ਦਾ ਭਾਵ ਹੈ ਕਿ ਜਿਸ ਅਸੂਲ ਤੇ ਤੁਸੀਂ ਦ੍ਰਿੜ ਹੋ, ਦ੍ਰਿੜ ਰਹੋ। ਅਣਖੀ ਸਿੰਘ ਜਦੋਂ ਜਾਬਰਾਂ ਦੇ ਵਸ ਪੈ ਗਏ ਤਾਂ ਉਹਨਾਂ ਨੇ ਧਰਮ ਨਹੀਂ ਹਾਰਿਆ, ਸਿਖੀ ਕੇਸਾਂ ਸੰਗ ਅੰਤਲੇ ਸੁਆਸਾਂ ਤਕ ਨਿਬਾਹੀ। ਇਹ ਸ਼ਾਂਤਮਈ ਅਣਖ ਹੈ। ਦਿੱਲੀ ਵਿਚ ਹਾਲ ਵਿਚ ਹੋਏ ਘੱਲੂਘਾਰੇ ਵਿਚ ਬਹੁਤ ਸਾਰੇ ਸਿੱਖ ਧਰਮ ਤੇ ਦ੍ਰਿੜ ਰਹਿ ਕੇ ਸ਼ਹੀਦੀਆਂ ਪਾ ਗਏ। ਪਰ ਕਈ ਐਸੇ ਭੀ ਸਨ ਜਿਨ੍ਹਾਂ ਨੇ ਅਣਖ ਭੀ

ਬਾਜ਼ਾਰ ਦੇ ਭਾਅ ਵੇਚ ਦਿਤੀ। ਭਾਵ ਜੇ ਜਰਵਾਣੇ ਮੁਗਲ ਹੁੰਦੇ ਤਾਂ ਉਹ ਇਸਲਾਮ ਕਬੂਲ ਕਰ ਲੈਂਦੇ, ਪਰ ਜੇ ਜਰਵਾਣੇ ਹਿੰਦੂ ਸਨ (ਜਿਨ੍ਹਾਂ ਕਦੀ ਜਰਵਾਣਿਆਂ ਦਾ ਰੂਪ ਨਹੀਂ ਸੀ ਧਾਰਿਆ) ਤਾਂ ਉਹ ਭੀ ਮੋਨੇ ਬਣਕੇ ਧਰਮ ਨੂੰ ਛਡ ਗਵਾ ਬੈਠੇ। ਸੋ ਅਣਖ ਸ਼ਾਂਤਮਈ ਭੀ ਹੋ ਸਕਦੀ ਹੈ। ਇਹ ਧਾਰਨਾ ਗਲਤ ਹੈ ਕਿ ਖਾਲਸਾ ਹਮੇਸ਼ਾਂ ਸ਼ਸਤਰ-ਮਈ ਅਣਖ ਦਾ ਪ੍ਰਦਰਸ਼ਨ ਕਰਦਾ ਆ ਰਿਹਾ ਹੈ। ਕਿਸੇ ਮਾਸੂਮ ਤੇ ਬੇਦੋਸ਼ੇ ਨੂੰ ਐਵੇਂ ਮਾਰ ਦੇਣਾ ਖਾਲਸੇ ਦਾ ਕਰਤੱਵ ਨਹੀਂ। ਇਸ ਨਾਲ ਕੌਮ ਵਿਚ ਅਣਖ ਨਹੀਂ ਜਾਗਦੀ, ਸਗੋਂ ਸ਼ਰਮ ਨਾਲ ਸਿਰ ਝੁਕਦਾ ਹੈ।ਅਣਖ ਕਿਸੇ ਮਹਾਨ ਕਾਜ ਲਈ ਪ੍ਰਗਟਾਈ ਜਾਂਦੀ ਹੈ। ਸਿੰਘਾਂ ਦੇ ਗੁਰਦਵਾਰਿਆਂ ਵਿਚ ਮਹੰਤਾਂ ਦੀਆਂ ਕ੍ਰਾਂਤੀਆਂ ਬਰਦਾਸ਼ਤ ਨਹੀਂ ਹੋਈਆਂ। ਨਨਕਾਣੇ ਸਾਹਿਬ ਦਾ ਦਰਦਨਾਕ ਸਾਕਾ ਨਿਰੋਲ ਸਾਂਤਮਈ ਅਣਖੀਲਾ ਸਾਕਾ ਸੀ, ਜਿਸ ਨੇ ਸਮੁੱਚੀ ਕੌਮ ਨੂੰ ਵਲੂੰਧਰ ਦਿਤਾ। ਪਰ ਕੌਮ ਦੀ ਅਣਖ ਤੇ ਸਵੈਮਾਣ ਨੂੰ ਸ਼ਕਤੀ ਮਿਲੀ। ਜੈਤੋ, ਗੁਰੂ ਕੇ ਬਾਗ, ਗੁਰਦਵਾਰਾ ਗੰਗਸਰ ਆਦਿ ਦੇ ਸ਼ਾਂਤਮਈ ਅਣਖੀਲੇ ਖਾਲਸਿਆਂ ਦੇ ਪ੍ਰਗਟਾਵਿਆਂ ਵਿਚ ਕੋਈ ਐਸੀ ਛੋਹ ਸੀ ਕਿ ਦੇਸ਼ ਵਿਦੇਸ਼ ਦੇ ਲੀਡਰ ਹੈਰਾਨ ਰਹਿ ਗਏ।

ਸੋ ਇਹ ਤਾਂ ਸਮੇਂ ਸਮੇਂ ਦੀ ਗੱਲ ਹੈ। ਖਾਲਸਾ ਮੌਕਾ ਦੇਖ ਕੇ ਸ਼ਾਂਤਮਈ ਜਾਂ ਸ਼ਸਤਰਮਈ ਅਣਖ ਦਾ ਪ੍ਰਗਟਾਵਾ ਕਰਦਾ ਆਇਆ ਹੈ ਕਿਸੇ ਉੱਚੇ ਆਦਰਸ਼ ਲਈ, ਕਿਸੇ ਮਹਾਨ ਕਾਰਜ ਲਈ, ਜਿਸ ਨੂੰ ਗੁਰੂ-ਮਤਿ ਪਰਵਾਨ ਕਰਦੀ ਹੋਵੇ, ਜਿਸ ਨੂੰ ਗੁਰ ਮਰਯਾਦਾ ਪਰਵਾਨ ਕਰਦੀ ਹੋਵੇ।

ਸਪਸ਼ਟ ਹੈ ਕਿ ਅਣਖ ਕਿਸੇ ਮਹਾਨ ਕਾਜ ਲਈ ਹੈ, ਇਸ ਪਿਛੋਂ ਹਮੇਸ਼ਾ ਬੇਇਨਸਾਫ਼ੀ ਨੂੰ ਸੋਧਣ ਦੀ ਭਾਵਨਾ ਹੁੰਦੀ ਹੈ। ਸਰਬੱਤ ਦੇ ਭਲੇ ਲਈ ਨਿਆਂ ਕਰਨ ਦੀ ਪਵਿੱਤਰ ਭਾਵਨਾ ਹੁੰਦੀ ਹੈ। ਪਰ ਨਿਜੀ ਸਵਾਰਥਾਂ ਦੀ ਪ੍ਰਾਪਤੀ ਲਈ ਜਗਾਈ ਗਈ ਭਾਵਨਾ ਨੂੰ ਨਿਜੀ ਹਿੱਤ ਜਾਂ ਨਿਜੀ ਵਕਾਰ ਹੀ ਕਿਹਾ ਜਾ ਸਕਦਾ ਹੈ।

ਖਾਲਸਾ ਅਕਾਲ ਪੁਰਖ ਦੀ ਉਹ ਫੌਜ ਹੈ, ਜਿਸ ਨੂੰ ਸਰਬੱਤ ਦੇ ਭਲੇ ਦਾ ਮਿਸ਼ਨ ਸੌਂਪਿਆ ਗਿਆ ਹੈ, ਸ੍ਰੀ ਅਕਾਲ ਪੁਰਖ ਵਲੋਂ। ਜੋ ਮਿਸ਼ਨ ਸ੍ਰੀ ਦਸਮੇਸ਼ ਜੀ ਨੂੰ ਮਿਲਿਆ ਸੀ, ਉਹੀ ਖਾਲਸੇ ਨੂੰ ਸੌਂਪਿਆ ਗਿਆ -

*ਹਮ ਇਹ ਕਾਜ ਜਗਤ ਮੋ ਆਏ॥*
*ਧਰਮ ਹੇਤ ਗੁਰਦੇਵ ਪਠਾਏ॥*
*ਜਹਾਂ ਤਹਾਂ ਤੁਮ ਧਰਮ ਬਿਥਾਰੋ॥*
*ਦੁਸਟ ਦੋਖੀਅਨਿ ਪਕਰਿ ਪਛਾਰੋ॥੪੨॥*
*ਯਾਹੀ ਕਾਜ ਧਰਾ ਹਮ ਜਨਮੰ॥*
*ਸਮਝ ਲੇਹੁ ਸਾਧੂ ਸਭ ਮਨਮੰ॥*
*ਧਰਮ ਚਲਾਵਨ ਸੰਤ ਉਬਾਰਨ॥*
*ਦੁਸਟ ਸਭਨ ਕੋ ਮੂਲ ਉਪਾਰਨ॥੪੩॥*

*ਬਚਿਤ੍ਰ ਨਾਟਕ ਪਾ: ੧੦, ਧਿਆਇ ੬*

ਸੋ ਖਾਲਸਾ ਅਣਖ ਨਾਲ ਆਪ ਧਰਮੀ ਬਣ ਕੇ ਜੀਵਿਆ ਹੈ ਤੇ ਸਦਾ ਹੀ ਧਰਮ ਚਲਾਵਨ ਲਈ ਦੁਸ਼ਟ ਦੋਖੀਆਂ ਨਾਲ ਲੋਹਾ ਲੈਂਦਾ ਆਇਆ ਹੈ। ਅਣਖ ਤੇ ਨਿਜੀ ਕਾਰ ਵਿਚਕਾਰ ਜੋ ਅੰਤਰ ਹੈ, ਉਹੀ ਅੰਤਰ ਬੀਰ ਰਸ ਅਤੇ ਕ੍ਰੋਧ ਵਿਚ ਹੈ। ਅਣਖ ਨਾਲ ਬੀਰ ਰਸ ਜਾਗ ਪੈਂਦਾ ਹੈ, ਜਿਸ ਦਾ ਗੁਰੂ ਘਰ ਵਿਚ ਉੱਚਾ ਅਸਥਾਨ ਹੈ। ਭਾਈ ਬਚਿੱਤਰ ਸਿੰਘ ਦਾ, ਸ਼ਰਾਬ ਨਾਲ ਮਸਤ ਹੋਏ ਹਾਥੀ ਨਾਲ ਟਾਕਰਾ ਕਰਨਾ ਵੰਨਗੀ ਮਾਤਰ ਉਦਾਹਰਣ ਹੈ। ਐਸੇ ਬੀਰ ਰਸੀਏ ਨੂੰ ਸਤਿਗੁਰੂ ਜੀ ਨੇ ਆਪ ਅਸੀਸ ਦੇ ਕੇ ਤੋਰਿਆ ਸੀ। ਪਰ ਕ੍ਰੋਧ ਸਦਾ ਨਿਜੀ ਵਕਾਰ, ਨਿਜੀ ਹੰਕਾਰ ਨੂੰ ਠੇਸ ਪਹੁੰਚਣ ਕਾਰਨ ਉਤਪੰਨ ਹੁੰਦਾ ਹੈ। ਕ੍ਰੋਧ ਨੂੰ ਗੁਰਬਾਣੀ ਸਦਾ ਨਿੰਦਦੀ ਹੈ, ਪਰ ਬੀਰ ਰਸ ਲਈ ਪ੍ਰੇਰਦੀ ਹੈ -

*ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥*
*ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ॥੧॥*
*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥੨॥੨॥*

*ਅੰਗ - ੧੧੦੫*

ਪਰ ਕ੍ਰੋਧ ਨੂੰ ਬਹੁਤ ਬੁਰਾ ਦਰਸਾਇਆ ਹੈ -

*ਓਨਾ ਪਾਸਿ ਦੁਆਸਿ ਨ ਭਿਟੀਐ*
*ਜਿਨ ਅੰਤਰਿ ਕ੍ਰੋਧੁ ਚੰਡਾਲ॥੩॥੨॥੬੬॥ ਅੰਗ -੪੦*

ਕ੍ਰੋਧ ਵਿਚ ਅਗਨ ਹੈ, ਜੋ ਮਨੁਖ ਦੇ ਕੀਤੇ ਜਪ ਤਪ, ਸਾਧਨਾ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ। ਪਰ ਬੀਰ ਰਸੀ ਜਜ਼ਬਾ ਕੇਵਲ ਦੁਸ਼ਟਾਂ ਦੇ ਪਾਪਾਂ ਨੂੰ ਭਸਮ ਕਰਦਾ ਹੈ, ਅਤੇ ਨਾਮ-ਅਭਿਆਸੀ ਖੰਡਾ ਹੋਰ ਜ਼ੋਰ ਵਿਚ ਖੜਕਦਾ ਅਤੇ ਅੰਦਰਲਾ, ਨਾਮ-ਰਸ ਵਿਚ ਭਿੱਜਾ ਰਹਿੰਦਾ ਹੈ। ਕ੍ਰੋਧੀ ਨਾਮ ਵਿਚ ਜੁੜ ਨਹੀਂ ਸਕਦਾ ਅਤੇ ਨਾਮ ਨਾਲੋਂ ਟੁੱਟ ਕੇ ਮਨੁਖ ਨੇ ਰਸਾਤਲ ਵਿਚ ਹੀ ਡਿੱਗਣਾ ਹੈ।

# ਖੰਡੇ ਦਾ ਅੰਮ੍ਰਿਤ

*[ਭਾਈ ਸੁਖਦੇਵ ਸਿੰਘ ਜੀ]*

ਮਨੋਰਥ ਏ ਜ਼ਿੰਦਗੀ ਦਾ ਪਾਉਣਾ ਪ੍ਰਮਾਤਮਾ ਨੂੰ,
ਮਨ ਪਿਛੇ ਲਗ ਐਵੇਂ ਸਮਾਂ ਨਾ ਗਵਾਇਓ ਜੀ।
ਗੁਰਾਂ ਫੁਰਮਾਇਆ 'ਸਾਚੁ ਕਹੋਂ ਸੁਨ ਲੇਹੁ ਸਭੈ,
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਜੀ।
ਪ੍ਰੇਮ ਦੀ ਏ ਖੇਡ ਭਾਈ ਖੇਡ ਲਓ ਪ੍ਰੇਮ ਨਾਲ,
ਧਰ ਕੇ ਤਲੀ ਤੇ ਸੀਸ ਪ੍ਰੇਮ ਨਾਲ ਆਇਓ ਜੀ।
ਅੰਮ੍ਰਿਤ ਖੰਡੇ ਦਾ ਅਮਰ ਕਰ ਦੇਣ ਵਾਲਾ,
ਛਕਣਾ ਤਾਂ ਛਕ ਲਓ, ਨਾ ਫੇਰ ਪਛਤਾਇਓ ਜੀ।

ਪਹਿਲਾਂ ਛਕਿਆ ਆਪ ਗੁਰਾਂ ਨੇ ਫਿਰ ਇਹ ਰੀਤ ਚਲਾਈ।
ਅੰਮ੍ਰਿਤ ਖੰਡੇ ਦਾ ਛਕ ਲਓ! ਛਕ ਲਓ! ਭਾਈ!

ਜੇਕਰ ਪਾਉਣੀ ਸਾਂਝ ਗੁਰਾਂ ਨਾਲ ਛੱਡੀਏ ਬਿਪਰਨ ਰੀਤਾਂ।
ਹੁਕਮ ਗੁਰਾਂ ਦਾ ਮੰਨੀਏ ਪਾਈਏ ਸਿੱਖੀ ਨਾਲ ਪ੍ਰੀਤਾਂ।
ਸੀਸ ਤਲੀ ਤੇ ਧਰਕੇ ਆ ਜਾਓ ਜਿਸਨੇ ਆਉਣਾ ਭਾਈ।
ਅੰਮ੍ਰਿਤ ਖੰਡੇ ਦਾ, ਛਕ ਲਓ, ਛਕ ਲਓ! ਭਾਈ।੧।

ਹੀਰੇ ਵਰਗਾ ਜਨਮ ਹੈ ਜਗ ਤੇ ਬਾਰਬਾਰ ਨਹੀਂ ਆਉਣਾ।
ਨਹੀਂ ਭਰੋਸਾ ਪਲ ਦਾ, ਸਾਹ ਆਉਣਾ ਕਿ ਨਹੀਂ ਆਉਣਾ।
ਬਿਨਾਂ ਗੁਰੂ ਤੋਂ ਗਤ ਨਹੀਂ ਹੁੰਦੀ, ਮੰਨ ਲਓ ਇਹ ਸਚਾਈ।
ਅੰਮ੍ਰਿਤ ਖੰਡੇ ਦਾ ਛਕ ਲਓ! ਛਕ ਲਓ! ਭਾਈ।੨।

ਇਹ ਅੰਮ੍ਰਿਤ ਦੀ ਦਾਤ ਹੈ ਐਸੀ, ਆਵਾਗਮਨ ਮਿਟਾਏ।
ਅੰਮ੍ਰਿਤ ਛਕ ਕੇ ਸਵਾ ਸਵਾ-ਲੱਖ ਨਾਲ ਯੁੱਧ ਟਕਰਾਏ।
ਇਸ ਅੰਮ੍ਰਿਤ ਦੀ ਸ਼ਕਤੀ ਨੇ, ਦੁਸ਼ਟਾਂ ਨੂੰ ਭਾਜੜ ਪਾਈ।
ਅੰਮ੍ਰਿਤ ਖੰਡੇ ਦਾ ਛਕ ਲਓ! ਛਕ ਲਓ! ਭਾਈ।੩।

ਬਚਿੱਤਰ ਸਿੰਘ ਨੇ ਅੰਮ੍ਰਿਤ ਛਕ ਕੇ ਹਾਥੀ ਅੱਗੇ ਲਾਇਆ।
ਭੱਜਾ ਜਾਂਦਾ ਆਪਣੀਆਂ ਫ਼ੌਜਾਂ ਦਾ ਕਰੇ ਸਫਾਇਆ।
ਜਿਨ੍ਹਾਂ ਭੇਜਿਆ ਲੜਨ ਲਈ, ਉਨ੍ਹਾਂ ਦੀ ਸ਼ਾਮਤ ਆਈ।
ਅੰਮ੍ਰਿਤ ਖੰਡੇ ਦਾ ਛਕ ਲਓ! ਛਕ ਲਓ! ਭਾਈ।੪।

ਅੰਮ੍ਰਿਤ ਛਕ ਕੇ ਮਨੀ ਸਿੰਘ ਨੇ ਬੰਦ ਬੰਦ ਕਟਵਾਇਆ।
ਐਪਰ ਮੁਖ ਤੋਂ 'ਸੀ' ਨਾ ਉਚਰੀ, ਦੁਸ਼ਟਾਂ ਜ਼ੋਰ ਲਗਾਇਆ।
ਅਡੋਲ ਸੂਰਮਾ ਬੈਠਾ ਮੁਖੋਂ ਜਾਂਦਾ ਬਾਣੀ ਗਾਈ।
ਅੰਮ੍ਰਿਤ ਖੰਡੇ ਦਾ ਛਕ ਲਓ! ਛਕ ਲਓ! ਭਾਈ।੫।

ਅੰਮ੍ਰਿਤ ਛਕ ਕੇ ਦੀਪ ਸਿੰਘ ਨੇ ਐਸਾ ਖੰਡਾ ਵਾਹਿਆ।
ਸੀਸ ਤਲੀ ਤੇ ਧਰ ਕੇ ਲੜਿਆ, ਕੀਤਾ ਪ੍ਰਣ ਨਿਭਾਇਆ।
ਦੁਨੀਆ ਮੌਤੋਂ ਡਰਦੀ ਏ, ਪਰ ਸਿੰਘਾਂ ਨੇ ਮੌਤ ਡਰਾਈ।
ਅੰਮ੍ਰਿਤ ਖੰਡੇ ਦਾ ਛਕ ਲਓ! ਛਕ ਲਓ! ਭਾਈ।੬।

ਅੰਮ੍ਰਿਤ ਛਕ ਕੇ ਧਰਮ ਲਈ ਕਈ ਜੀਂਦੇ-ਜੀ ਸੜ ਗਏ।
ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਚਰਖੀਆਂ ਤੇ ਚੜ੍ਹ ਗਏ।
ਹੱਸ ਹੱਸ ਕਸ਼ਟ ਸਹਾਰੇ ਜ਼ਿੰਦਗੀ ਧਰਮ ਦੇ ਲੇਖੇ ਲਾਈ।
ਅੰਮ੍ਰਿਤ ਖੰਡੇ ਦਾ ਛਕ ਲਓ! ਛਕ ਲਓ! ਭਾਈ।੭।

ਛੱਡ ਦੇਈਏ ਨਸ਼ਿਆਂ ਦਾ ਖਹਿੜਾ, ਮੀਟ ਮਸਾਲੇ ਖਾਣੇ।
ਗਾਈਏ ਸਤਿਗੁਰ ਜੀ ਦੀ ਬਾਣੀ, ਪਾਈਏ ਸਿਖੀ ਬਾਣੇ।
ਜੀਵਨ ਸਫਲ ਹੈ ਜਿਸਨੇ ਜ਼ਿੰਦਗੀ ਧਰਮ ਦੇ ਲੇਖੇ ਲਾਈ।
ਅੰਮ੍ਰਿਤ ਖੰਡੇ ਦਾ ਛਕ ਲਓ! ਛਕ ਲਓ! ਭਾਈ।੮।

ਏਕੁ ਪਿਤਾ ਏਕਸ ਕੇ ਹਮ ਬਾਰਿਕ ਗੁਰਾਂ ਗੱਲ ਸਮਝਾਈ।
ਅੰਮ੍ਰਿਤ ਛਕ ਕੇ ਸਾਰੇ ਇਕ ਦੇ ਲੜ ਲੱਗੀਏ ਭਾਈ।
ਉਪਦੇਸ਼ ਗੁਰਾਂ ਦਾ ਚਹੁੰ ਵਰਣਾਂ ਲਈ, ਸਾਂਝਾ ਸਮਝ ਭਾਈ।
ਅੰਮ੍ਰਿਤ ਖੰਡੇ ਦਾ ਛਕ ਲਓ! ਛਕ ਲਓ! ਭਾਈ।੯।

ਧਰਮ ਜਾਤ ਤੇ ਊਚ ਨੀਚ ਦਾ, ਨਹੀਂ ਵਿਤਕਰਾ ਕੋਈ।
ਸਭ ਉਸਦੇ, ਉਹ ਸਭਨਾਂ ਦਾ, ਇੱਕ ਸੱਚਾ ਸੋਈ।
'ਸੁਖਦੇਵ ਸਿੰਘਾ' ਨਿੱਤ ਸਿਮਰੀਏ ਵਾਹਿਗੁਰੂ ਭਾਈ।
ਅੰਮ੍ਰਿਤ ਖੰਡੇ ਦਾ ਛਕ ਲਓ! ਛਕ ਲਓ! ਭਾਈ।੧੦।

# ਨਾਮ ਬਾਣੀ ਦਾ ਅਸਰ

*[ਭਾਈ ਸੇਵਾ ਸਿੰਘ ਜੀ]*

ਅਵਤਾਰ ਸਿੰਘ ਜੋ ਬਾਬਾ ਹਰਨਾਮ ਸਿੰਘ ਜੀ ਦੇ ਪਰਵਾਰਿਕ ਰਿਸ਼ਤਿਆਂ ਵਿੱਚੋਂ ਭਤੀਜਾ ਲੱਗਦਾ ਸੀ, ਚੜ੍ਹਦੀ ਉਮਰ ਵਿੱਚ ਬਹੁਤ ਬੀਮਾਰ ਪੈ ਗਿਆ। ਗਠੀਏ ਦੀ ਤਕਲੀਫ਼ ਹੋ ਗਈ। ਸਾਰਾ ਸਰੀਰ ਜੁੜ ਗਿਆ। ਦਰਦ ਨਾਲ ਦਿਨ ਰਾਤ ਹਾਇ ਹਾਇ ਕਰ ਕੇ ਬਿਤਾਉਂਦਾ ਸੀ। ਸਰੀਰ ਵਿੱਚ ਹਰ ਵੇਲੇ ਸੜਨ ਜਿਹੀ ਲੱਗੀ ਰਹਿੰਦੀ ਸੀ।

ਰੋਜ਼ ਹਰ ਵੇਲੇ ਦੀ ਹਾਇ-ਹਾਇ ਦੀ ਆਵਾਜ਼ ਨੇ ਮਾਪਿਆਂ ਨੂੰ ਵੀ ਅਕਾ ਦਿੱਤਾ ਅਤੇ ਅਵਤਾਰ ਸਿੰਘ ਦੇ ਸਹੁਰੇ ਉਸ ਨੂੰ ਆਪਣੇ ਘਰ ਲੈ ਗਏ। ਆਯੁਰਵੇਦਿਕ ਅਤੇ ਐਲੋਪੈਥਿਕ ਸਾਰੇ ਇਲਾਜ ਕਰਵਾਏ ਪਰ ਭੋਰਾ ਜਿੰਨਾ ਵੀ ਫਰਕ ਨਾ ਪਿਆ, ਸਗੋਂ ਤਕਲੀਫ ਵਧਦੀ ਗਈ, ਜਿਸ 'ਤੇ ਪਰਿਵਾਰ ਨੇ ਮਿਉ ਹਸਪਤਾਲ, ਲਾਹੌਰ ਵਿੱਚ ਦਾਖ਼ਲ ਕਰਵਾ ਦਿੱਤਾ ਪਰ ਛੇ ਮਹੀਨੇ ਦੇ ਇਲਾਜ ਉਪ੍ਰੰਤ ਵੀ ਨਿਰਾਸਤਾ ਹੀ ਪੱਲੇ ਪਈ। ਸਰੀਰ ਹੋਰ ਨਿੱਸਲ ਹੋ ਗਿਆ। ਹੁਣ ਤਾਂ-

*ਬਿਪਤਿ ਪਰੀ ਸਭ ਹੀ ਸੰਗੁ ਛਾਡਿਤ*
*ਕੋਊ ਨ ਆਵਤ ਨੇਰੈ॥* *ਅੰਗ - ੬੩੪*

ਵਾਲੀ ਗੱਲ ਵਾਪਰੀ।

ਸਹੁਰੇ ਵੀ ਦਮ ਹਾਰ ਗਏ ਤੇ ਵਾਪਿਸ ਅਵਤਾਰ ਸਿੰਘ ਨੂੰ ਮਾਤਾ-ਪਿਤਾ ਪਾਸ ਹੀ ਛੱਡ ਗਏ।

ਬਾਬਾ ਹਰਨਾਮ ਸਿੰਘ ਜੀ ਅਨੰਦਪੁਰ ਸਾਹਿਬ ਤੋਂ ਜਦ ਵਾਪਸ ਪੁੱਜੇ ਤਾਂ ਅਵਤਾਰ ਸਿੰਘ ਦੇ ਬੀਮਾਰ ਹੋਣ ਬਾਰੇ ਮਾਤਾ ਜੀ ਨੇ ਦੱਸਿਆ। ਆਪ ਜੀ ਅਵਤਾਰ ਸਿੰਘ ਦਲੇਰ ਦੀ ਖ਼ਬਰਸਾਰ ਲੈਣ ਵਾਸਤੇ ਗਏ।ਜਿਉਂ ਹੀ ਬਾਬਾ ਜੀ ਉਸ ਦੇ ਕਮਰੇ ਵਿੱਚ ਗਏ ਜਿੱਥੇ ਕਿ ਅਵਤਾਰ ਸਿੰਘ ਬਿਮਾਰੀ ਕਾਰਨ ਕਰਾਹ ਰਿਹਾ ਸੀ, ਬਾਬਾ ਜੀ ਦੇ ਕੋਲ ਜਾਣ ਤੇ ਉਸ ਨੂੰ ਕੁੱਝ ਸ਼ਾਂਤੀ ਮਹਿਸੂਸ ਹੋਈ। ਸਰੀਰ ਕਰਕੇ ਵੀ ਉਸਨੇ ਆਪਣੇ ਆਪ ਨੂੰ ਕੁੱਝ ਠੀਕ ਮਹਿਸੂਸ ਕੀਤਾ। ਕੁਝ ਚਿਰ ਬਾਅਦ ਬਾਬਾ ਜੀ ਵਾਪਸ ਆ ਗਏ।

ਕੁੱਝ ਦਿਨਾਂ ਬਾਅਦ ਬਾਬਾ ਜੀ ਫਿਰ ਉਸ ਦਾ ਹਾਲ-ਚਾਲ ਪੁੱਛਣ ਗਏ। ਅਵਤਾਰ ਸਿੰਘ ਨੇ ਪਹਿਲੇ ਦੀ ਤਰ੍ਹਾਂ ਆਪਣੇ ਆਪ ਨੂੰ ਫਿਰ ਤਨ-ਮਨ ਕਰਕੇ ਸ਼ਾਂਤ ਮਹਿਸੂਸ ਕੀਤਾ। ਜਿੰਨਾਂ ਚਿਰ ਬਾਬਾ ਜੀ ਉਸ ਪਾਸ ਬੈਠੇ ਰਹੇ, ਅਵਤਾਰ ਸਿੰਘ ਗੱਲਾਂ-ਬਾਤਾਂ ਕਰਦੇ ਰਹੇ। ਜਦੋਂ ਬਾਬਾ ਜੀ ਚੱਲਣ ਲੱਗੇ ਤਦ ਅਵਤਾਰ ਸਿੰਘ ਨੇ ਬੇਨਤੀ ਕੀਤੀ ਕਿ ਆਪ ਜੀ ਮੇਰੇ ਤੇ ਕ੍ਰਿਪਾ ਕਰੋ। ਬਾਬਾ ਜੀ ਨੇ ਸੁਤੇ-ਸਿੱਧ ਉਸਨੂੰ ਕਿਹਾ ਕਿ ਹਾਇ-ਹਾਇ ਕਰਨ ਦੀ ਥਾਂ ਵਾਹਿਗੁਰੂ-ਵਾਹਿਗੁਰੂ ਕਿਹਾ ਕਰੋ ਪਰ ਅਗੋਂ ਉਸ ਨੇ ਉਤਰ ਦਿੱਤਾ ਕਿ ਹੁਣ ਮੇਰੇ ਵੱਸ ਦੀ ਗੱਲ ਨਹੀਂ, 'ਵਾਹਿਗੁਰੂ' ਕਿਹਾ ਨਹੀਂ ਜਾਂਦਾ।

ਬਾਬਾ ਜੀ ਵਾਪਸ ਆਪਣੇ ਘਰ ਆ ਗਏ। ਅਵਤਾਰ ਸਿੰਘ ਨੇ ਆਪਣੀ ਮਾਤਾ ਨੂੰ ਕਿਹਾ ਕਿ ਜੇ ਤੁਸੀਂ ਮੈਨੂੰ ਰਾਜੀ ਕਰਨਾ ਹੈ ਤਾਂ ਚਾਚਾ ਜੀ ਨੂੰ ਕਹੋ ਕਿ ਉਹ ਮੇਰੇ ਤੇ ਮਿਹਰਬਾਨੀ ਕਰਨ। ਅਵਤਾਰ ਸਿੰਘ ਦੀ ਮਾਤਾ ਨੇ ਬਾਬਾ ਜੀ ਦੇ ਮਾਤਾ ਨੂੰ ਬੇਨਤੀ ਕੀਤੀ ਕਿ ਤੁਸੀਂ ਭਾਈ ਹਰਨਾਮ ਸਿੰਘ ਜੀ ਨੂੰ ਕਹਿ ਕੇ ਮੇਰੇ ਬੱਚੇ ਨੂੰ ਰਾਜ਼ੀ ਕਰਵਾ ਦਿਉ। ਜੇ ਉਹ ਕੋਈ ਚਾਰਾ ਕਰਨ ਤਦ ਉਸ ਦੀ ਜਾਨ ਬਚ ਸਕਦੀ ਹੈ, ਨਹੀਂ ਤਾਂ ਡਾਕਟਰਾਂ ਨੇ ਤਾਂ ਪਹਿਲੋਂ ਹੀ ਜਵਾਬ ਦੇ ਦਿੱਤਾ ਹੈ ਕਿ ਇਸ ਬੀਮਾਰੀ ਦਾ ਪੱਕਾ ਇਲਾਜ ਨਹੀਂ ਹੋ ਸਕਦਾ।

ਮਾਤਾ ਨਰੈਣ ਕੌਰ ਜੀ ਨੇ ਬਾਬਾ ਜੀ ਨੂੰ ਪ੍ਰੇਰਣਾ ਦਿੱਤੀ ਕਿ ਪੁੱਤਰ! ਜੇ ਕੋਈ ਯਤਨ ਹੋ ਸਕਦਾ ਹੈ ਤਾਂ ਕਰੋ ਤਾਂ

ਜੋ ਅਵਤਾਰ ਸਿੰਘ ਦੀ ਜਾਨ ਬਚ ਜਾਵੇ, ਘਰ ਵਿੱਚ ਇਕੋ ਹੀ ਬੱਚਾ ਹੈ। ਮਾਤਾ ਜੀ ਵਲੋਂ ਪ੍ਰੇਰਣਾ ਕਰਨ ਤੇ ਬਾਬਾ ਜੀ ਤਿਆਰ ਹੋ ਗਏ ਤੇ ਕਿਹਾ ਕਿ ਮਾਤਾ ਜੀ, ਆਪ ਜੀ ਦਾ ਜੋ ਹੁਕਮ ਹੈ ਉਸਨੂੰ ਮੈਂ ਮੋੜ ਨਹੀਂ ਸਕਦਾ, ਜਿਵੇਂ ਤੁਸੀਂ ਕਹੋ ਮੈਂ ਕਰਨ ਲਈ ਤਿਆਰ ਹਾਂ, ਉਂਞ ਮੇਰਾ ਮਨ ਨਹੀਂ ਮੰਨਦਾ।

ਬਾਬਾ ਜੀ ਨੇ ਹਰ ਰੋਜ਼ ਨਿੱਤ ਦੀ ਕਿਰਿਆ ਕਰ ਕੇ ਅਵਤਾਰ ਸਿੰਘ ਦੇ ਘਰ ਜਾਣਾ ਅਤੇ ਜ਼ਮੀਨ ਤੇ ਸਵੱਛ ਆਸਣ ਵਿਛਾ ਕੇ ਲਾਗੇ ਅਵਤਾਰ ਸਿੰਘ ਨੂੰ ਲੰਮਾ ਪਵਾ ਲੈਣਾ ਅਤੇ ਆਪ ਹੇਠ ਲਿਖੇ ਸ਼ਬਦ ਦੀਆਂ ੩੨ ਮਾਲਾ ਹਰ ਰੋਜ਼ ਕਰਨੀਆਂ ਅਰੰਭ ਕਰ ਦਿੱਤੀਆਂ। ਥੋੜ੍ਹਾ ਉੱਚੀ ਬੋਲਣਾ ਤਾਂ ਜੋ ਬਾਣੀ ਦਾ ਪਾਠ ਉਸ ਦੇ ਕੰਨਾਂ ਵਿੱਚ ਪੈਂਦਾ ਰਹੇ।

*ਸਿਰ ਮਸ੍ਤਕ ਰਖ੍ਯ੍ਯਾ ਪਾਰਬ੍ਰਹਮੰ*
*ਹਸ੍ਤ ਕਾਯਾ ਰਖ੍ਯ੍ਯਾ ਪਰਮੇਸ੍ਵਰਹ॥*
*ਆਤਮ ਰਖ੍ਯ੍ਯਾ ਗੋਪਾਲ ਸੁਆਮੀ*
*ਧਨ ਚਰਣ ਰਖ੍ਯ੍ਯਾ ਜਗਦੀਸ੍ਵਰਹ।*
*ਸਰਬ ਰਖ੍ਯ੍ਯਾ ਗੁਰ ਦਯਾਲਹ*
*ਭੈ ਦੂਖ ਬਿਨਾਸਨਹ॥*
*ਭਗਤ ਵਛਲਿ ਅਨਾਥ ਨਾਥੇ*
*ਸਰਣਿ ਨਾਨਕ ਪੁਰਖ ਅਚੁਤਹ॥੫੨॥ ਅੰਗ - ੧੩੫੮*

ਬਾਬਾ ਜੀ ਦੱਸਦੇ ਸਨ ਕਿ ਜਾਪ ਅਰੰਭ ਕੀਤੇ ਨੂੰ ਅਜੇ ਥੋੜ੍ਹੇ ਦਿਨ ਹੀ ਹੋਏ ਸਨ ਕਿ ਇਕ ਦਿਨ ਅਜੇ ਦੋ ਮਾਲਾ ਹੀ ਕੀਤੀਆ ਸਨ, ਇਕ ਸ਼ਹੀਦ ਸਿੰਘ ਨੇ ਮੈਨੂੰ ਗਿੱਚੀ ਉਪਰੋਂ ਫੜ ਕੇ ਦੂਸਰਾ ਹੱਥ ਹੇਠਾਂ ਜਿਥੇ ਰੀੜ੍ਹ ਦੀ ਹੱਡੀ ਮੁੱਕਦੀ ਹੈ, ਆਸਣ ਹੇਠ ਪਾ ਕੇ ਅੱਗੇ ਨੂੰ ਮੂਧਾ ਕਰਨ ਵਾਸਤੇ ਧੱਕਿਆ। ਦੂਜੀ ਵਾਰੀ ਫੇਰ ਯਤਨ ਕੀਤਾ। ਜਦ ਤੀਸਰੀ ਵਾਰੀ ਉਸ ਨੇ ਜ਼ੋਰ ਲਾਇਆ ਤਾਂ ਮੈਂ ਉਹਨਾਂ ਨੂੰ ਕਿਹਾ ਕਿ ਤੁਸੀਂ ਸਾਹਮਣੇ ਹੋ ਕੇ ਗੱਲ ਕਰੋ ਕਿ ਤੁਸੀਂ ਕੀ ਚਾਹੁੰਦੇ ਹੋ? ਦੂਸਰਾ ਸ਼ਹੀਦ ਸਿੰਘ ਜੋ ਮੇਰੇ ਸੱਜੇ ਪਾਸੇ ਖੜ੍ਹਾ ਸੀ, ਉਸ ਨੇ ਕਿਹਾ ਕਿ ਜਿਸ ਮਨਮੁਖ ਦੀ ਤੁਸੀਂ ਮਦਦ ਕਰ ਰਹੇ ਹੋ ਇਹ ਮਦਦ ਕਰਨ ਦੇ ਲਾਇਕ ਨਹੀਂ। ਇਸ ਨੇ ਸਟੇਜ ਤੇ ਖਲੋ ਕੇ ਸਤਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਰੱਜ ਕੇ ਨਿੰਦਿਆ ਕੀਤੀ ਜੋ ਕੰਨਾਂ ਨਾਲ ਸੁਣੀ ਨਹੀਂ ਜਾ ਸਕਦੀ ਸੀ। ਮਾਰ ਤਾਂ ਅਸੀਂ ਇਸਨੂੰ ਉਦੋਂ ਹੀ ਦੇਣਾ ਸੀ ਪਰ ਖ਼ਿਆਲ ਸੀ ਕਿ ਇਸ ਨੂੰ ਬਹੁਤਾ ਕਸ਼ਟ ਦੇ ਕੇ ਮਾਰੀਏ ਅਤੇ ਹੁਣ ਇਸ ਦੀ ਜਾਨ ਬਖ਼ਸ਼ੀ ਲਈ ਤੁਸੀਂ ਬਾਣੀ ਦਾ ਪਾਠ ਆਰੰਭ ਕਰ ਦਿੱਤਾ ਹੈ।

ਆਪ ਜੀ ਦੱਸਦੇ ਸਨ ਕਿ ਅਸੀਂ ਉਨ੍ਹਾਂ ਸ਼ਹੀਦ ਸਿੰਘਾਂ ਨੂੰ ਕਿਹਾ ਕਿ ਜੇ ਤੁਸੀਂ ਹੁਕਮ ਕਰੋ ਤਾਂ ਇਸ ਪਾਸੋਂ ਮੁਆਫ਼ੀ ਮੰਗਵਾ ਦਿੰਦੇ ਹਾਂ। ਅੱਗੋਂ ਉਹ ਕਹਿਣ ਲੱਗੇ ਕਿ ਭਾਈ ਹਰਨਾਮ ਸਿੰਘ! ਮੁਆਫ਼ੀ ਕੀ ਮੰਗਵਾਣੀ ਹੈ ਅਸੀਂ ਹੀ ਇਸਨੂੰ ਇਹ ਸਾਰਾ ਕਸ਼ਟ ਦਿੱਤਾ ਸੀ ਤੇ ਹੁਣ ਅਸੀਂ ਇਸ ਦਾ ਪਿੱਛਾ ਛੱਡ ਦਿੰਦੇ ਹਾਂ। ਉਂਞ ਇਹ ਬਖਸ਼ਣ ਦੇ ਯੋਗ ਨਹੀਂ ਸੀ। ਇੰਨਾਂ ਕਹਿ ਕੇ ਉਹ ਦੋਵੇਂ ਸਿੰਘ ਅਲੋਪ ਹੋ ਗਏ। ਬਾਬਾ ਜੀ ਦੱਸਦੇ ਸਨ ਕਿ ਤਿੰਨ ਦਿਨ ਧੌਣ ਉੱਪਰ ਜਿੱਥੇ ਉਹਨਾਂ ਸ਼ਹੀਦ ਸਿੰਘਾਂ ਨੇ ਹੱਥ ਪਾਇਆ ਹੋਇਆ ਸੀ, ਉਂਗਲੀਆਂ ਦੇ ਨਿਸ਼ਾਨ ਮਹਿਸੂਸ ਹੁੰਦੇ ਰਹੇ ਤੇ ਮਾਸ ਦਰਦ ਵੀ ਕਰਦਾ ਰਿਹਾ।

ਉਸ ਦਿਨ ਤੋਂ ਬਾਅਦ ਅੱਜ ਹੋਰ, ਕੱਲ੍ਹ ਹੋਰ, ਅਵਤਾਰ ਸਿੰਘ ਨੂੰ ਆਰਾਮ ਆਉਣ ਲੱਗ ਪਿਆ। ੪੦ ਦਿਨ ਬਾਅਦ ਭੋਗ ਪਾਇਆ, ਅਰਦਾਸ ਕੀਤੀ, ਹੁਣ ਉਹ ਹੀ ਅਵਤਾਰ ਸਿੰਘ ਜੋ ਮੰਜੇ ਤੋਂ ਉੱਠ ਕੇ ਬੈਠਣ ਲਈ ਵੀ ਸਹਾਰਾ ਟੋਲਦਾ ਸੀ, ਆਪਣੇ ਆਪ ਤੁਰਦਾ ਫਿਰਦਾ ਤੇ ਨਵਾਂ-ਨਰੋਆ ਹੋ ਗਿਆ।

ਬਾਬਾ ਜੀ ਨੇ ਅਵਤਾਰ ਸਿੰਘ ਨੂੰ ਸਾਰੀ ਗੱਲ ਪੁੱਛੀ ਅਤੇ ਆਪਣੇ ਨਾਲ ਜੋ ਬੀਤੀ ਸੀ ਉਹ ਵੀ ਦੱਸੀ ਅਤੇ ਅਗਾਂਹ ਲਈ ਗੁਰੂ ਪਾਤਸ਼ਾਹ ਜੀ ਦੀ ਭੈ-ਭਾਵਨੀ ਵਿਚ ਤੁਰਨ ਲਈ ਪ੍ਰੇਰਨਾ ਦਿੱਤੀ। ਜਿੰਨਾ ਕੁ ਚਿਰ ਬਿਮਾਰੀ ਦਾ ਦੁੱਖ ਯਾਦ ਰਿਹਾ ਓਨਾ ਚਿਰ ਸ: ਅਵਤਾਰ ਸਿੰਘ ਥੋੜ੍ਹੀ ਬਾਣੀ ਪੜ੍ਹਦੇ ਰਹੇ। ਥੋੜ੍ਹੇ ਸਮੇਂ ਬਾਅਦ ਫਿਰ ਢਿੱਲ ਵਰਤ ਗਏ। ਚਾਹੀਦਾ ਤਾਂ ਇਹ ਸੀ ਕਿ ਅਗਲੇ ਪਾਸੇ ਤੋਂ ਛੁਟਕਾਰਾ ਮਿਲਿਆ ਸੀ, ਸਾਰੇ ਪਾਸੇ ਭੁਲਾ ਕੇ ਸਤਿਗੁਰੂ ਜੀ ਦੇ ਚਰਨਾਂ ਨਾਲ ਪੱਕੀ ਗੰਢ ਪਾ ਲੈਂਦੇ ਪਰ -

*ਬਿਨੁ ਭਾਗਾ ਗੁਰੁ ਸੇਵਿਆ ਨ ਜਾਇ॥*

*ਅੰਗ - ੧੦੬੫*

ਵਾਲੀ ਗੱਲ ਬਣੀ। ਪਰ ਫੇਰ ਵੀ ਸਮੇਂ-ਸਮੇਂ ਬਾਬਾ ਜੀ ਨੇ ਅਵਤਾਰ ਸਿੰਘ ਜੀ ਨੂੰ ਗੁਰ-ਚਰਨਾਂ ਵੱਲ ਪ੍ਰੇਰਨ ਦਾ ਯਤਨ ਕੀਤਾ। ਜਦੋਂ ਸ: ਅਵਤਾਰ ਸਿੰਘ ਜੀ ਭੂੰਗੇ (ਜ਼ਿ: ਹੁਸ਼ਿਆਰਪੁਰ) ਬਲਾਕ ਵਿੱਚ ਬੀ. ਡੀ. ਓ. ਦੀ ਪੋਸਟ ਤੇ ਕੰਮ ਕਰਦੇ ਸਨ ਤਦ ਬਾਬਾ ਜੀ ਦੀ ਪ੍ਰੇਰਨਾ ਨਾਲ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਸਜ ਗਏ।

# ਸ੍ਰੀ ਗੁਰੂ ਅੰਗਦ ਦੇਵ ਜੀ

*[ਪ੍ਰਿੰਸੀਪਲ ਕੁਲਦੀਪ ਸਿੰਘ ਜੀ]*

ਜਦੋਂ ਸ੍ਰੀ ਲਹਿਣਾ ਜੀ ਹਰ ਪ੍ਰਕਾਰ ਦੀ ਅਜ਼ਮਾਇਸ਼ ਵਿਚ ਸਫਲ ਹੋ ਨਿਕਲੇ ਤਾਂ ਗੁਰੂ ਨਾਨਕ ਸਾਹਿਬ ਨੇ ਫੈਸਲਾ ਲੈ ਲਿਆ ਕਿ ਹੁਣ ਸਿੱਖ ਧਰਮ ਦੀ ਵਾਗਡੋਰ ਲਹਿਣਾ ਜੀ ਹੀ ਸੰਭਾਲਣਗੇ। ਤੇ ਗੁਰੂ ਨਾਨਕ ਸਾਹਿਬ ਨੇ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਬਨਾਉਣ ਵੇਲੇ ਇਕ ਕ੍ਰਾਂਤੀਕਾਰੀ ਅਮਲ ਕਰ ਵਿਖਾਇਆ। ਪਰੰਪਰਾ ਤੋਂ ਉਲਟ ਕਿਸੇ ਪੰਡਤ ਨੂੰ ਨਹੀਂ, ਸਗੋਂ ਇੱਕ ਕਿਰਤੀ-ਕਿਸਾਨ ਬਾਬਾ ਬੁੱਢਾ ਜੀ ਨੂੰ ਆਗਿਆ ਕਰ ਕੇ ਗੁਰੂ ਅੰਗਦ ਸਾਹਿਬ ਨੂੰ ਗੁਰਿਆਈ-ਤਿਲਕ ਲਗਵਾਇਆ ਤੇ ਆਪ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ (ਗੁਰੂ) ਅੰਗਦ ਦੇਵ ਜੀ ਦੇ ਅਗੇ ਸੀਸ ਝੁਕਾਇਆ। ਇਹ ਇਕ ਐਸਾ ਅਮਲ ਸੀ, ਜਿਹੜਾ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਹੋਇਆ। ਗੁਰੂ ਨਾਨਕ ਦੇਵ ਜੀ ਦੀ ਦੂਰ-ਦਰਸ਼ੀ ਅੱਖ ਨੇ ਵੇਖ ਲਿਆ ਸੀ ਕਿ ਜੇਕਰ ਉਨ੍ਹਾਂ ਦਾ ਕੋਈ ਸੁਯੋਗ ਉਤਰਾਧਿਕਾਰੀ ਨਾ ਹੋਇਆ ਤਾਂ ਉਨ੍ਹਾਂ ਦੇ ਰਹਿੰਦੇ ਕੰਮ ਤੇ ਯਤਨ ਅਧੂਰੇ ਰਹਿ ਜਾਣਗੇ।

ਉਸ ਸਮੇਂ ਨਵੀਂ ਪੁੰਗਰੀ ਲਹਿਰ ਨੂੰ ਜਿਥੇ ਪ੍ਰਫੁਲਤ ਕਰਨ ਦੀ ਲੋੜ ਸੀ, ਉਥੇ ਉਸ ਦੀ ਰਾਖੀ ਕਰਨ ਦੀ ਜ਼ਰੂਰਤ ਵੀ ਸੀ। ਜੇਕਰ ਗੁਰੂ ਅੰਗਦ ਸਾਹਿਬ ਇਸ ਪਾਸੇ ਉਚੇਚਾ ਧਿਆਨ ਨਾ ਦੇਂਦੇ ਤਾਂ ਸਿੱਖਾਂ ਦੀ ਅੱਡਰੀ ਹਸਤੀ ਖ਼ਤਮ ਹੋ ਜਾਂਦੀ ਤੇ ਉਹ ਫਿਰ ਹੋਰ ਧਰਮਾਂ ਵਿਚ ਜਜ਼ਬ ਹੋ ਜਾਂਦੇ। ਉਸ ਸਮੇਂ ਸਿੱਖ ਲਹਿਰ ਨੂੰ ਯੋਗੀ, ਸੰਨਿਆਸੀ ਸੰਪ੍ਰਦਾਵਾਂ ਤੋਂ ਦੂਰ ਰੱਖਣ ਦਾ ਮਸਲਾ ਵੀ ਸਾਹਮਣੇ ਸੀ। ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਵਿਚ ਘਰ-ਤਿਆਗ ਨੂੰ ਕੋਈ ਥਾਂ ਨਹੀਂ, ਇਹ ਤਾਂ ਜੀਉਂਦਾ-ਜਾਗਦਾ ਧਰਮ ਹੈ। ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ" (੪੬੩) ਕਹਿਣ ਵਾਲੇ ਧਰਮ ਵਿੱਚ ਉਪਰਾਮਤਾ ਤੇ ਉਦਾਸੀਨਤਾ ਦੀ ਕੋਈ ਗੁੰਜਾਇਸ਼ ਨਹੀਂ। ਡਰ ਸੀ ਕਿ ਜੇਕਰ ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀ ਨੇ ਵਕਤ ਸਿਰ ਲੋੜੀਂਦੀ ਕਾਰਵਾਈ ਨਾ ਕੀਤੀ ਤਾਂ ਸਿਖ ਜਾਂ ਤਾਂ ਆਪਣੀ ਵਿਲੱਖਣਤਾ ਗੁਆ ਬੈਠਣਗੇ ਜਾਂ ਫਿਰ ਹਿੰਦੂ ਧਰਮ ਅਥਵਾ ਸਾਧੂ ਫ਼ਿਰਕਿਆਂ ਵਿਚ ਜਜ਼ਬ ਹੋ ਜਾਣਗੇ।

ਗੁਰੂ ਅੰਗਦ ਸਾਹਿਬ ਦੇ ਗੱਦੀ ਸੰਭਾਲਣ ਦਾ ਸਿੱਟਾ ਇਹ ਹੋਇਆ ਕਿ ਅੱਗੇ ਕੀਰਤਨ ਤੇ ਲੰਗਰ ਦਾ ਜੋ ਪ੍ਰਵਾਹ ਰਾਵੀ-ਕੰਢੇ (ਕਰਤਾਰਪੁਰ) ਚਲਦਾ ਸੀ, ਉਹ ਹੁਣ ਬਿਆਸ ਨੇੜੇ (ਖਡੂਰ) ਚੱਲਣ ਲੱਗ ਪਿਆ। ਭਾਵ, ਗੁਰੂ ਅੰਗਦ ਸਾਹਿਬ ਖਡੂਰ ਸਾਹਿਬ ਆ ਵੱਸੇ। ਰਾਮਕਲੀ ਕੀ ਵਾਰ ਵਿੱਚ ਆਉਂਦਾ ਹੈ -

***ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥***

***ਅੰਗ - ੯੬੭***

ਖਡੂਰ ਸਾਹਿਬ ਉਹ ਪਾਵਨ ਧਰਤੀ ਹੈ, ਜਿਥੋਂ ਦੀ ਨੇਕ ਜਨ ਮਾਤਾ ਖੀਵੀ ਸੀ, ਜੋ ਆਪਣੇ ਹੱਥੀਂ ਲੰਗਰ ਵਿਚ ਘਿਆਲੀ ਖੀਰ ਵੰਡਿਆ ਕਰਦੀ ਸੀ। ਲੰਗਰ ਦੀ ਸੰਸਥਾ ' ਚਲਾਈ ਭਾਵੇਂ ਗੁਰੂ ਨਾਨਕ ਸਾਹਿਬ ਨੇ ਹੀ ਸੀ, ਪਰ ਗੁਰੂ ਅੰਗਦ ਸਾਹਿਬ ਨੇ ਇਸ ਵਿਚ ਹੋਰ ਵਾਧਾ ਕੀਤਾ ਤੇ ਇਸਦਾ ਪ੍ਰਬੰਧ ਹੋਰ ਚੰਗੇਰੇ ਢੰਗ ਨਾਲ ਕੀਤਾ। ਇਸ ਕਾਰਜ ਵਿਚ ਆਪ ਜੀ ਦੀ ਜੀਵਨ-ਸਾਥਣ ਮਾਤਾ ਖੀਵੀ ਜੀ ਨੇ ਭਰਪੂਰ ਯੋਗਦਾਨ ਪਾਇਆ। ਸਿੱਖ ਧਰਮ ਅੰਦਰ ਇਸਤ੍ਰੀ ਦਾ ਦਰਜਾ ਮੁਢੋਂ ਹੀ ਬਰਾਬਰੀ ਵਾਲਾ ਰਿਹਾ ਹੈ। ਅੱਜ ਵੀ ਸਿਵਾਏ ਸਿੱਖ ਧਰਮ ਦੇ ਸਮਾਜ ਵਿਚ ਇਸਤ੍ਰੀ ਦਾ ਬਹੁਤਾ ਆਜ਼ਾਦ ਵਿਅਕਤਿਤਵ ਨਹੀਂ। ਅੰਤਰ-ਰਾਸ਼ਟਰੀ ਇਸਤ੍ਰੀ ਸਾਲ ਤਾਂ ਮਨਾਏ ਜਾਂਦੇ ਹਨ ਤੇ ਇਸਤ੍ਰੀਆਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਦੇਣ ਦੇ ਐਲਾਨ ਵੀ ਹੁੰਦੇ ਹਨ, ਪਰ ਇਸਤ੍ਰੀ ਅਜੇ ਵੀ ਸ੍ਰੀਮਤੀ ਗਾਂਧੀ, ਮਿਸਿਜ਼ ਭੰਡਾਰ ਨਾਇਕੇ ਤੇ ਬੇਗਮ, ਨਜਮਾ ਹੈਬਤੁੱਲਾ ਹੀ ਅਖਵਾਉਂਦੀ ਹੈ। ਪਰ ਸਿੱਖ ਸਮਾਜ ਵਿਚ ਉਹ ਮਾਤਾ ਗੰਗਾ, ਬੀਬੀ ਭਾਨੀ, ਮਾਈ ਭਾਗੋ, ਮਾਤਾ ਅਜੀਤ ਕੌਰ, ਸਰਦਾਰਨੀ ਸਦਾ ਕੌਰ, ਮਹਾਰਾਣੀ

ਮਹਿੰਦਰ ਕੌਰ ਕਰ ਕੇ ਪ੍ਰਸਿੱਧ ਹਨ ਤੇ ਜਾਣੀਆਂ ਜਾਂਦੀਆਂ ਹਨ। ਗੁਰੂ ਅੰਗਦ ਸਾਹਿਬ ਆਪਣੇ ਘਰ ਦਾ ਖਰਚ ਮੁੰਜ ਵੱਟ ਕੇ ਪੂਰਾ ਕਰਦੇ ਸਨ ਤੇ ਲੰਗਰ ਦਾ ਖਰਚ ਸਿੱਖਾਂ ਦੀ ਕਾਰ-ਭੇਟਾ ਨਾਲ ਚਲਦਾ ਸੀ। ਲੰਗਰ ਯਾਤਰੂਆਂ ਤੇ ਨਿਆਸਰਿਆ ਵਾਸਤੇ ਹੁੰਦਾ ਸੀ।

ਡਾ: ਗੋਕਲ ਚੰਦ ਨਾਰੰਗ ਲਿਖਦਾ ਹੈ, ਲੰਗਰ ਦੀ ਸੰਸਥਾ ਕਾਇਮ ਕਰ ਕੇ ਗੁਰੂ ਨਾਨਕ ਦੇਵ ਜੀ ਨੇ ਸਿੱਖਾਂ ਨੂੰ ਸਾਂਝੇ ਫ਼ੰਡ ਵਿਚ ਚੰਦਾ ਦੇਣ ਦੀ ਆਦਤ ਪਾਉਣ ਦਾ ਪਹਿਲਾ ਉਪਰਾਲਾ ਕੀਤਾ।

ਲੰਗਰ ਦੀ ਪਰੰਪਰਾ ਅਨੁਸਾਰ ਸਭ ਇਕ ਪੰਗਤ ਵਿਚ ਬੈਠ ਕੇ ਛੱਕਦੇ ਹਨ। ਇਸ ਨਾਲ ਜਾਤ-ਪਾਤ ਦੇ ਬੰਨ ਟੁਟਦੇ ਹਨ। ਲੰਗਰ ਅਸਲ ਵਿਚ ਸਿੱਖ ਧਰਮ ਦੇ ਪ੍ਰਚਾਰ ਦਾ ਬੜਾ ਲਾਭਦਾਇਕ ਵਸੀਲਾ ਹੈ। ਸਭ ਇਤਿਹਾਸਕ ਗੁਰਦੁਆਰਿਆਂ ਨਾਲ 'ਲੰਗਰ' ਤੇ 'ਸਰਾਂ' ਦਾ ਆਮ ਪ੍ਰਬੰਧ ਹੁੰਦਾ ਹੈ, ਜਿਥੇ ਯਾਤਰੂਆਂ ਨੂੰ ਛਕਣ ਲਈ ਪ੍ਰਸ਼ਾਦਾ ਤੇ ਰਿਹਾਇਸ਼ ਲਈ ਥਾਂ ਮਿਲ ਜਾਂਦੀ ਹੈ। ਗੁਰੂ ਕਾ ਲੰਗਰ ਤੇ 'ਗੁਰੂ ਕੀ ਸਰਾਂ' ਸਿੱਖ ਧਰਮ ਦੇ ਪ੍ਰਚਾਰ ਦੇ ਮੁੱਢਲੇ ਤੇ ਸਫਲ ਸਾਧਨ ਹਨ, ਜੋ ਆਮ ਵਿਅਕਤੀ ਨੂੰ ਬਹੁਤ ਪ੍ਰਭਾਵਤ ਕਰਦੇ ਹਨ।

ਗੁਰੂ ਅੰਗਦ ਸਾਹਿਬ ਨੇ ਗੁਰਮੁਖੀ ਲਿਪੀ ਨੂੰ ਜਾਰੀ ਕਰਨ ਤੇ ਪ੍ਰਚਾਰਨ ਦਾ ਸ਼ਲਾਘਾ ਯੋਗ ਉੱਦਮ ਕੀਤਾ। ਉਸ ਸਮੇਂ ਪੰਜਾਬ ਵਿਚ ਕਈ ਉਪ-ਭਾਸ਼ਾਵਾਂ ਪ੍ਰਚਲਤ ਸਨ। ਪੰਜਾਬੀ ਬੋਲੀ ਦਾ ਠੁੱਕ ਅਜੇ ਬੱਝ ਰਿਹਾ ਸੀ। ਬਹੁਤ ਸਾਰੇ ਅਰਬੀ, ਫ਼ਾਰਸੀ ਤੋਂ ਸੰਸਕ੍ਰਿਤ ਦੇ ਸ਼ਬਦ ਤਾਂ ਪੰਜਾਬੀ ਵਿਚ ਵਰਤੇ ਜਾ ਰਹੇ ਸਨ, ਪਰ ਕਾਰ ਵਿਹਾਰ ਲੰਡਿਆਂ ਵਿਚ ਹੁੰਦਾ ਸੀ। ਗੁਰੂ ਅੰਗਦ ਸਾਹਿਬ ਦੇ ਸਾਹਮਣੇ ਪ੍ਰਸ਼ਨ ਇਹ ਸੀ ਕਿ ਉਹ ਆਮ ਲੋਕਾਂ ਨੂੰ ਆਪਣੇ ਵਿਚਾਰਾਂ ਦੀ ਜਾਣਕਾਰੀ ਕਿਸ ਬੋਲੀ ਵਿਚ ਦੇਣ। ਜਿਸ ਬੋਲੀ ਵਿਚ ਰਾਮਾ ਨੰਦ ਜੀ ਤੇ ਕਬੀਰ ਜੀ ਨੇ ਪ੍ਰਚਾਰ ਕੀਤਾ ਸੀ, ਉਹ ਹੁਣ ਸਿਰਫ਼ ਸਾਧਾਂ ਤੇ ਵਿਦਵਾਨਾਂ ਦੀ ਬੋਲੀ ਬਣ ਚੁਕੀ ਸੀ ਤੇ ਉਰਦੂ, ਫ਼ਾਰਸੀ ਨੂੰ ਬਦੇਸ਼ੀ ਬੋਲੀਆਂ ਸਮਝਿਆ ਜਾਂਦਾ ਸੀ। ਇਸੇ ਕਰਕੇ ਗੁਰੂ ਨਾਨਕ ਸਾਹਿਬ ਨੇ ਫੁਰਮਾਇਆ ਸੀ, 'ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥* ਗੁਰੂ ਨਾਨਕ ਸਾਹਿਬ ਨੇ ਇਸੇ ਕਰਕੇ ਲੋਕਾਂ ਦੀ ਬੋਲੀ ਪੰਜਾਬੀ ਨੂੰ ਆਪਣੇ ਪ੍ਰਚਾਰ ਦਾ ਮਾਧਿਅਮ ਬਣਾਇਆ ਤੇ ਗੁਰੂ ਅੰਗਦ ਦੇਵ ਜੀ ਨੇ ਲਿਪੀ ਨੂੰ ਸੁਧਾਰ ਕੇ ਇਸ ਨੂੰ ਪ੍ਰਚਲਤ ਕੀਤਾ। ਲਿਪੀ ਇਸ ਤੋਂ ਪਹਿਲਾਂ ਵਜੂਦ ਵਿਚ ਤਾਂ ਆ ਚੁੱਕੀ ਸੀ। ਗੁਰੂ ਨਾਨਕ ਸਾਹਿਬ ਰਚਿਤ 'ਪੱਟੀ' ਵਿਚ ਇਸ ਲਿਪੀ ਦੀਆਂ ਸਾਰੀਆਂ ਧੁਨੀਆਂ ਮੌਜੂਦ ਸਨ। ਗੁਰੂ ਅੰਗਦ ਸਾਹਿਬ ਦੇ ਸਮੇਂ ਇਸ ਲਿਪੀ ਵਿਚ ਕੇਵਲ ਸੁਧਾਰ ਹੀ ਹੋਇਆ। ਗੁਰੂ ਜੀ ਵਲੋਂ ਵਰਤੀ ਜਾਣ ਕਰਕੇ ਇਸ ਲਿਪੀ ਦਾ ਨਾਂ 'ਗੁਰਮੁਖੀ' ਹੋ ਗਿਆ। ਇਸ ਲਿਪੀ ਦੀ ਅੱਡਰੀ ਤੇ ਨਵੀਨ ਹੋਂਦ ਕਾਰਨ ਵੀ ਸਿੱਖ ਧਰਮ ਵਿਚ ਨਿਰਾਲੇ-ਪਨ ਦਾ ਜਜ਼ਬਾ ਪੈਦਾ ਹੋਣਾ ਸ਼ੁਰੂ ਹੋ ਗਿਆ। ਇਸ ਲਿਪੀ ਦੇ ਪ੍ਰਚਾਰ ਲਈ ਗੁਰੂ ਸਾਹਿਬ ਨੇ ਬੱਚਿਆਂ ਲਈ ਗੁਰਮੁਖੀ ਪਾਠਸ਼ਾਲਾ ਵੀ ਖੋਲ੍ਹੀ, ਜਿਥੇ ਉਹ ਆਪ ਪੜ੍ਹਾਇਆ ਵੀ ਕਰਦੇ ਸਨ। ਇਸ ਲਈ ਬ੍ਰਾਹਮਣਾਂ ਦੀ ਧਾਰਮਿਕ ਚੌਧਰ ਉਤੇ ਕਰਾਰੀ ਸੱਟ ਵੱਜੀ। ਮਾਤ-ਬੋਲੀ ਵਿਚ ਧਾਰਮਕ ਪੁਸਤਕਾਂ ਦੀ ਰਚਨਾ ਸ਼ੁਰੂ ਹੋ ਗਈ, ਜਿਸ ਰਾਹੀਂ ਸਿਖ ਧਰਮ ਦਾ ਪ੍ਰਚਾਰ ਹੋਣ ਲੱਗਾ। ਗੁਰੂ ਸਾਹਿਬ ਨੇ ਬੱਚਿਆਂ ਲਈ ਇੱਕ 'ਬਾਲ ਬੋਧ' ਵੀ ਤਿਆਰ ਕੀਤਾ ਦਸਿਆ ਜਾਂਦਾ ਹੈ।

ਗੁਰੂ ਅੰਗਦ ਸਾਹਿਬ ਦਾ ਵਿਸ਼ੇਸ਼ ਕਾਰਜ ਗੁਰੂ ਨਾਨਕ ਸਾਹਿਬ ਦੀ ਬਾਣੀ ਇਕੱਠੀ ਕਰਨਾ ਸੀ। ਸੋ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਇਕ ਧਾਰਮਕ ਪੁਸਤਕ ਸੰਕਲਿਤ ਕੀਤੀ, ਜੋ ਅੱਗੇ ਚੱਲ ਕੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਵੇਲੇ ਸਹਾਇਕ ਸਿੱਧ ਹੋਈ। ਗੁਰੂ ਅੰਗਦ ਦੇਵ ਜੀ ਨੇ ਸਾਖੀ ਬਾਬੇ ਨਾਨਕ ਜੀ ਦੀ ਵੀ ਲਿਖਵਾਈ, ਜੋ ਹੁਣ ਉਪਲਭਧ ਨਹੀਂ। ਕਿਹਾ ਜਾਂਦਾ ਹੈ ਕਿ ਭਾਈ ਬਾਲੇ ਕੋਲੋਂ ਸੁਣ ਕੇ ਗੁਰੂ ਜੀ ਨੇ ਪੈੜੇ ਮੋਖੇ ਕੋਲੋਂ ਇੱਕ ਜਨਮ-ਸਾਖੀ ਵੀ ਲਿਖਵਾਈ, ਪਰ ਦੱਸੀ ਜਾਂਦੀ ਭਾਈ ਬਾਲੇ ਵਾਲੀ ਜਨਮ-ਸਾਖੀ ਦੀ ਬੋਲੀ ਗੁਰੂ ਅੰਗਦ ਸਾਹਿਬ ਦੇ ਸਮੇਂ ਦੀ ਨਹੀਂ ਜਾਪਦੀ। ਇਹ ਪਿਛੋਂ ਲਿਖੀ ਮੰਨੀ ਗਈ ਹੈ। ਬਾਣੀ ਦੇ ਸੰਗ੍ਰਹਿ ਤੇ ਜਨਮ-ਸਾਖੀ ਲਿਖੇ ਜਾਣ ਨਾਲ ਹੌਲੀ ਹੌਲੀ ਸਿੱਖਾਂ ਵਿਚ ਵੇਦ-ਮੰਤਰ ਪੜ੍ਹਨ ਦੀ ਆਦਤ ਘੱਟ ਗਈ ਅਤੇ ਗੁਰਬਾਣੀ ਤੇ ਜਨਮ ਸਾਖੀ ਪੜ੍ਹਨ ਦੀ ਰੁਚੀ ਵਧਦੀ ਗਈ। ਜਨਮ ਸਾਖੀ ਦੀ ਸਥਾਪਨਾ ਪੰਜਾਬੀ ਵਾਰਤਕ ਦੇ ਇਤਿਹਾਸ ਵਿਚ ਇੱਕ ਨਿੱਗਰ ਕਦਮ ਸੀ।

ਗੁਰੂ ਅੰਗਦ ਸਾਹਿਬ ਨੇ ਕੇਵਲ ਮਨ ਤੇ ਆਤਮਾ ਨੂੰ ਹੀ ਨਹੀਂ, ਸਗੋਂ ਆਪ ਜੀ ਨੇ ਕਿਹਾ ਕਿ ਜੇ ਸਰੀਰ ਵੀ ਨਰੋਆ ਤੇ ਬਲਵਾਨ ਹੋਵੇ ਤਾਂ ਮਨੁੱਖੀ ਆਤਮਾ ਬਲਵਾਨ ਹੁੰਦੀ ਹੈ। ਨਰੋਏ ਸਰੀਰ ਵਿਚ ਹੀ ਨਰੋਆ ਮਨ ਹੋ ਸਕਦਾ ਹੈ। ਸਰੀਰ ਤੇ ਮਨ ਨੂੰ ਨਰੋਆ ਤੇ ਬਲਵਾਨ ਰੱਖਣ ਲਈ ਆਪ ਜੀ ਕਸਰਤਾਂ ਕਰਾਇਆ ਕਰਦੇ ਸਨ, ਉਥੇ ਅੱਜ ਕਲ੍ਹ ਗਦੁਆਰਾ ਮੱਲ ਅਖਾੜਾ ਹੈ।

ਗੁਰੂ ਨਾਨਕ ਸਾਹਿਬ ਨੇ ਰੋਜ਼ਾਨਾ ਜੀਵਨ ਬਤੀਤ ਕਰਨ ਦੇ ਨਿਯਮ ਬਣਾਏ ਸਨ, ਗੁਰੂ ਅੰਗਦ ਸਾਹਿਬ ਨੇ ਇਹਨਾਂ

ਦੇ ਪ੍ਰਚਾਰ ਵਲ ਵਿਸ਼ੇਸ਼ ਧਿਆਨ ਦਿੱਤਾ। ਆਪ ਨੇ ਨਾਮ ਜਪਣ ਤੇ ਦੁਨਿਆਵੀ ਕਾਰਜ ਕਰਨ ਲਈ ਵੀ ਸਮਾਂ ਨਿਯਤ ਕੀਤਾ। ਪ੍ਰਚਾਰਕਾਂ ਨੂੰ ਅਨੁਸ਼ਾਸਨ ਵਿਚ ਰਹਿਣ ਦੀ ਪ੍ਰੇਰਨਾ ਕੀਤੀ। ਗਲਤ ਕੰਮ ਕਰਨ ਵਾਲਿਆਂ ਨੂੰ ਸਜ਼ਾਵਾਂ ਵੀ ਦਿੱਤੀਆਂ ਜਾਂਦੀਆਂ। ਇਸ ਦਾ ਸਿੱਟਾ ਇਹ ਨਿਕਲਿਆ ਕਿ ਸਿੱਖਾਂ ਵਿਚ ਅਨੁਸ਼ਾਸਨ ਆ ਗਿਆ। ਅੱਜ ਉਸੇ ਅਨੁਸ਼ਾਸਨ ਦੀ ਘਾਟ ਸਦਕਾ ਹੀ ਅਸੀਂ ਇੱਕ-ਮੁੱਠ ਨਹੀਂ ਹੋ ਪਾ ਰਹੇ।

ਗੁਰੂ ਅੰਗਦ ਸਾਹਿਬ ਦਾ ਸਮਾਂ ਸਿੱਖ ਇਤਿਹਾਸ ਵਿਚ ਬੜਾ ਮਹੱਤਵਪੂਰਨ ਹੈ। ਗੁਰੂ ਸਾਹਿਬ ਨੇ ਆਪਣੀ ਸੂਝ-ਬੂਝ ਨਾਲ ਸਿੱਖ ਧਰਮ ਨੂੰ ਹਿੰਦੂ ਧਰਮ ਵਿਚ ਜਜ਼ਬ ਹੋਣ ਤੋਂ ਬਚਾ ਲਿਆ। ਖੁਸ਼ਵੰਤ ਸਿੰਘ ਦੇ ਕਹੇ ਅਨੁਸਾਰ, ਸਿਖ ਗੁਰੂ ਸਾਹਿਬਾਨ ਵਿਚ ਦੂਜੇ, ਚੌਥੇ, ਪੰਜਵੇਂ, ਛੇਵੇਂ ਤੇ ਦਸਵੇਂ ਗੁਰੂ ਸਾਹਿਬਾਨ ਦੀਆਂ ਕਾਰਵਾਈਆਂ ਸਦਕਾ ਸਿੱਖਾਂ ਵਿਚ ਇਕ ਸਮਾਜ ਹੋਣ ਦਾ ਭਾਵ ਪੈਦਾ ਹੋਇਆ ਤੇ ਉਹ ਸੁਤੰਤਰ ਰੂਪ ਵਿਚ ਸੰਗਠਿਤ ਹੋ ਗਏ।

ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਸਾਹਿਬ ਦੇ ਦੱਸੇ ਉਪਦੇਸ਼ਾਂ ਨੂੰ ਸਿੱਖਾਂ ਵਿਚ ਪ੍ਰਚਾਰਨ ਦਾ ਸਿਹਰਾ ਗੁਰੂ ਅੰਗਦ ਜੀ ਦੇ ਸਿਰ ਹੈ। ਆਪ ਸਿੱਖ ਧਰਮ ਦੇ ਪਹਿਲੇ ਪ੍ਰਚਾਰਕ ਤੇ ਵਿਆਖਿਆਕਾਰ ਸਨ, ਜਿਵੇਂ ਕਿ ਭੱਟਾਂ ਦੇ ਸਵੱਈਆਂ ਵਿਚ ਦਸਿਆ ਗਿਆ ਹੈ –

***ਨਾਨਕਿ ਨਾਮੁ ਨਿਰੰਜਨ ਜਾਨ੍ਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥ ਤਾ ਤੇ ਅਗਦੁ ਅੰਗ ਸੰਗਿ ਭਯੋ ਸਾਇਰੁ, ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥੩॥੬●॥***

***ਅੰਗ – ੧੪●੬***

ਇਸ ਦੇ ਅਰਥ ਪ੍ਰੋਫੇਸਰ ਸਾਹਿਬ ਸਿੰਘ ਜੀ ਇਉਂ ਲਿਖਦੇ ਹਨ –

(ਗੁਰੂ) ਨਾਨਕ ਦੇਵ ਜੀ ਨੇ ਨਿਰੰਜਨ ਦਾ ਨਾਮ ਪਛਾਣਿਆ, ਪ੍ਰੇਮ ਨਾਲ ਬ੍ਰਿਤੀ ਜੋੜ ਕੇ ਭਗਤੀ ਕੀਤੀ। ਉਨ੍ਹਾਂ ਤੋਂ ਸਮੁੰਦਰ ਰੂਪ ਗੁਰੂ ਅੰਗਦ ਦੇਵ ਜੀ (ਹੋਏ, ਜੋ) ਸਦਾ ਉਨ੍ਹਾਂ ਦੀ ਹਜ਼ੂਰੀ ਵਿਚ ਵਿਚਰੇ ਤੇ ਜਿਨ੍ਹਾਂ ਨੇ 'ਸ਼ਬਦ ਸੁਰਤਿ ਦੀ ਵਰਖਾ ਕੀਤੀ (ਭਾਵ, ਸ਼ਬਦ ਚੋਂ ਧਿਆਨ ਦੀ ਖੁਲ੍ਹੀ ਵੰਡ ਕੀਤੀ)। *(ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਦਸਵੀਂ ਪੋਥੀ, ਪੰਨਾ ੫੪੯)*

ਇਨ੍ਹਾਂ ਤੁਕਾਂ ਤੋਂ ਇਹ ਗੱਲ ਬੜੀ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਨਾਨਕ ਸਾਹਿਬ ਨੇ 'ਸ਼ਬਦ-ਸੁਰਤਿ' ਦੀ ਨੀਂਹ ਰੱਖੀ, ਜਿਸ ਦੀ ਖੁਲ੍ਹੀ ਵਰਖਾ, ਖੁੱਲ੍ਹਾ ਪ੍ਰਚਾਰ, ਗੁਰੂ ਅੰਗਦ ਸਾਹਿਬ ਨੇ ਕੀਤਾ।

***(ਪੰਨਾ 13 ਦੀ ਬਾਕੀ)***

ਇਹਨਾਂ ਗੁਣਾਂ ਨੂੰ ਭੁਲਾਉਣਾ ਅਯੋਗ ਹੈ। ਪਰ ਉਕਤ ਦੋਹਾਂ ਪੰਥ ਮੁਖੀਆਂ ਨੂੰ ਭੀ ਇਕ ਦੂਜੇ ਦੇ ਗੁਣ ਸਾਰਗਾਹੀ ਹੋਇ ਕੇ ਪ੍ਰਸਪਰ ਪ੍ਰੇਮ ਵਧਾਉਣਾ ਚਾਹੀਦਾ ਹੈ, ਨਾ ਕਿ ਇਕ ਦੂਜੇ ਦੀਆਂ ਭੁਲਾਂ ਵਲ ਵੰਗਾਰਿ ਵੰਗਾਰਿ ਕੇ ਵਧਣਾ ਚਾਹੀਦਾ ਹੈ। 'ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ' ਵਾਲੇ ਗੁਰਵਾਕ ਉਪਰ ਚਲਣਾ ਚਾਹੀਦਾ ਹੈ ਅਤੇ ਚਲ ਕੇ ਗੁਰੂ ਦੀਆਂ ਖੁਸ਼ੀਆਂ ਲੈਣੀਆਂ ਚਾਹੀਦੀਆਂ ਹਨ।

ਸ੍ਰੀ ਦਸਮੇਸ਼ ਜੀ ਦੇ ਪਵਿੱਤਰ ਅਵਤਾਰ ਦਿਹਾੜੇ ਦੀ ਯਾਦਗਾਰ ਵਿਚ ਅੱਜ ਜੇਕਰ ਇਹ ਕੋਈ ਪੰਥ ਭੂਸ਼ਨ ਖ਼ਾਸ ਕਰਕੇ ਤੇ ਹੋਰ ਸਾਰੇ ਮੁਖੀ ਸੇਵਕ ਆਪੋ ਆਪਣੀ ਮਤਸਰੀ ਧੜੇਬੰਦੀਆਂ ਨੂੰ ਛੱਡ ਦੇਣ ਤਾਂ ਉਨ੍ਹਾਂ ਦੀ ਏਸ ਕੁਰਬਾਨੀ ਦਾ ਸਦਕਾ ਤੁੱਠਾ ਪਾਤਸ਼ਾਹ ਓਹਨਾਂ ਦੇ ਅਵਗੁਣਾਂ ਉਤੇ ਮੇਹਰ ਦਾ ਪੜਦਾ ਪਾਏਗਾ। ਅੱਜ ਕਲ੍ਹ ਜਿੰਨੇ ਭੀ ਪੰਥ ਵਿਖੇ ਧੜੇ ਬਣ ਰਹੇ ਹਨ, ਇਹ ਸਭ ਇਕ ਦੂਜੇ ਦੇ ਅਵਗੁਣ ਚਿਤਾਰਨ ਅਤੇ ਛਿੰਦਰ ਫੋਲਣ ਦੇ ਕਾਰਨ ਹੋਏ ਹਨ। ਜੇਕਰ ਸਿਰਲੇਖ ਵਿਚ ਦਿਤੇ ਗੁਰਪ੍ਰਮਾਣਾਂ ਦੀ ਪੂਰਨ ਵਰਤੋਂ ਇਸ ਲੇਖ ਦੇ ਮੁੱਢ ਵਿਚ ਦਿੱਤੀ ਬਿਧੀ ਅਨੁਸਾਰ ਕੀਤੀ ਜਾਵੇ ਤਾਂ ਸਭ ਝਗੜੇ ਮਿਟ, ਸਕਦੇ ਹਨ।

ਐ ਪੰਥ ਭੂਸ਼ਨੋ! ਅਤੇ ਪੰਥ ਮੁਖੀਓ! ਤੇ ਪੰਥ ਪ੍ਰਸਿਧ ਸੇਵਕ ਜਨੋ! ਤੁਸਾਡੀਆਂ ਸਾਰੀਆਂ ਕੀਤੀਆਂ ਖ਼ਿਦਮਤਾਂ ਅਤੇ ਕੁਰਬਾਨੀਆਂ ਦੇ ਸਿਰ ਕੁਰਬਾਨੀ ਤੁਸਾਡੀ ਇਹ ਹੋਵੇਗੀ, ਜੇ ਅੱਜ ਦੇ ਪਵਿੱਤਰ ਦਿਹਾੜੇ ਤੁਸੀਂ ਆਪੋ ਆਪਣੀਆਂ ਮਨ ਦੀਆਂ ਮੁਤਸਰਾਂ ਛੱਡਦੇ ਹੋਏ ਇਕ ਦੂਜੇ ਦੇ ਜਾਵੋਗੇ ਅਤੇ ਧੜੇਬੰਦੀਆਂ ਤੇ ਚੋਧਰਾਂ ਦੇ ਕੁਚੱਸਕੇ ਨੂੰ ਛੱਡਦੇ ਹੋਏ ਇਕ ਦੂਜੇ ਦੇ ਗੁਣ-ਗ੍ਰਾਹੀ ਹੋਣ ਦੀਆਂ ਪਧਰੀਆਂ ਪਾੜੀਆਂ (ਪਟੜੀਆਂ) ਤੇ ਪੈ ਜਾਵੋਗੇ ਅਤੇ ਗੁਰਮਤਿ ਦੇ ਉਚ ਆਦਰਸ਼ ਅਨੁਸਾਰ ਇਸ ਗੁਰਵਾਕ ਨੂੰ ਆਪਣੇ ਉਪਰ ਘਟਾਉਣ ਦੀਆਂ ਖੁਸ਼ੀਆਂ ਪ੍ਰਾਪਤ ਕਰੋਗੇ –

***ਸਭੁ ਕੋ ਮੀਤੁ ਹਮ ਆਪਨ ਕੀਨਾ***
***ਹਮ ਸਭਨਾ ਕੇ ਸਾਜਨ॥***
***ਦੂਰਿ ਪਰਾਇਓ ਮਨ ਕਾ ਬਿਰਹਾ***
***ਤਾਂ ਮੇਲੁ ਕੀਓ ਮੇਰੈ ਰਾਜਨ॥***
***ਬਿਨਸਿਓ ਢੀਠਾ ਅੰਮ੍ਰਿਤੁ ਵੂਠਾ***
***ਸਬਦੁ ਲਗੋ ਗੁਰ ਮੀਠਾ॥***
***ਜਲਿ ਥਲਿ ਮਹੀਅਲਿ ਸਰਬ ਨਿਵਾਸੀ***
***ਨਾਨਕ ਰਮਈਆ ਡੀਠਾ॥੪॥੩॥ ਅੰਗ – ੬੭੧***

# ਪੰਜ ਪਿਆਰੇ - ਗੁਰੂ-ਖਾਲਸਾ-ਪੰਥ ਦਾ ਪ੍ਰਗਾਸ

*[ਡਾ. ਵਿਕਰਮ ਸਿੰਘ ਜੀ]*

'ਗੁਰੂ-ਖਾਲਸਾ-ਪੰਥ ਦਾ ਪ੍ਰਗਾਸ', ਪੰਜ ਪਿਆਰਿਆਂ ਦੇ ਰੂਪ ਵਿੱਚ ਹੋਇਆ। ਗੁਰੂ ਖ਼ਾਲਸਾ-ਪੰਥ ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਗੁਰਮੁਖ-ਪੰਥ' ਜਾਂ ਗੁਰਮਤਿ ਦੀ ਨਿਰੰਤਰਤਾ ਦੀ ਸਿਖ਼ਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਰਬ੍ਰਹਮ ਦੀ ਆਗਿਆ ਪਾ ਕੇ ਸੰਪੂਰਨ ਸੱਚ ਤੇ ਦੈਵੀ ਗੁਣਾਂ ਭਰਪੂਰ, ਨਾਮ ਪ੍ਰਧਾਨ, ਵਡ-ਪ੍ਰਤਾਪੀ 'ਗੁਰਮੁਖ ਪੰਥ' ਧਰਮ ਦਾ ਰਾਜ ਚਲਾਉਣ ਲਈ ਸਥਾਪਿਤ ਕੀਤਾ -

*ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥*
*ਅੰਗ - ੯੬੬*

*ਚਾਰਿ ਵਰਨ ਇਕ ਵਰਨ ਕਰਿ ਵਰਨ ਅਵਰਨ ਸਾਧਸੰਗਿ ਜਾਪੈ॥*
*ਛਿਅ ਰੁਤੀ ਛਿਅ ਦਰਸਨਾ ਗੁਰਮੁਖਿ ਦਰਸਨੁ ਸੂਰਜੁ ਥਾਪੈ॥*
*ਬਾਰਹ ਪੰਥ ਮਿਟਾਇ ਕੈ ਗੁਰਮੁਖਿ ਪੰਥ ਵਡਾ ਪਰਤਾਪੈ॥*
*ਵੇਦ ਕਤੇਬਹੁ ਬਾਹਰਾ ਅਨਹਦ ਸਬਦੁ ਅਗੰਮ ਅਲਾਪੈ॥*
*ਪੈਰੀਂ ਪੈ ਪਾਖਾਕ ਹੋਇ ਗੁਰਸਿਖਾ ਰਹਰਾਸਿ ਪਛਾਪੈ॥*
*ਮਾਇਆ ਵਿਚਿ ਉਦਾਸੁ ਕਰਿ ਆਪੁ ਗਵਾਏ ਜਪੈ ਅਜਾਪੈ॥*
*ਲੰਘ ਨਿਕਥੈ ਵਰੈ ਸਰਾਪੈ॥*
*ਭਾਈ ਗੁਰਦਾਸ ਜੀ, ਵਾਰ ੨੩/੧੯*

ਰਜ਼ਾ ਦੇ ਮਾਲਕ ਦੇ ਹੁਕਮ ਵਿਚ ਚੱਲ ਕੇ, ਸਨਮੁੱਖ ਹੋਣ ਲਈ ਸਹਜ ਵਿਚ ਵਿਚਰਨ ਲਈ ਇਹ ਨਿਰਮਲ ਤੇ ਨਿਰਾਲਾ ਪੰਥ ਹੈ।

*ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ॥*
*ਗੁਰਮੁਖਿ ਪੰਥੁ ਅਲੋਲੁ ਸਹਜਿ ਸਮਾਈਐ॥*
*ਭਾਈ ਗੁਰਦਾਸ ਜੀ, ਵਾਰ ੩/੫*

ਇਸ ਵਿਚ ਜਿਸ ਸ਼ਬਦ ਦਾ ਵਰਤਾਰਾ ਹੈ, ਉਹ ਅੰਤਮ ਸਿਖਰਾਂ ਦਾ ਹੈ। ਇਸ ਦਾ ਬੋਲ ਅਤਿ ਦਰਜੇ ਦਾ ਉੱਚਾ ਤੇ ਸੱਚਾ-ਸੁੱਚਾ ਹੈ ਅਤੇ ਇਸਦੇ ਮੁਕਾਬਲੇ ਦੋਵੇਂ ਵੇਦਿਕ ਤੇ ਕਤੇਬਕ ਵੀਚਾਰ-ਧਾਰਾਵਾਂ ਪਿਛਾਂਹ ਰਹਿ ਜਾਂਦੀਆਂ ਹਨ।

*ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ॥੪॥*
*ਅੰਗ - ੯੬੭*

ਸੰਪੂਰਨ ਸੱਤਾ ਇਸ ਦੇ ਕਲਾਵੇ ਵਿੱਚ ਹੈ, ਜਿਸ ਪ੍ਰਤੀ ਇਹ ਮਨੁੱਖ ਨੂੰ ਚੇਤੰਨ ਕਰਦਾ ਹੈ। ਇਹ ਅਜਿਹਾ ਗਾਡੀ-ਰਾਹ ਹੈ ਜੋ ਸਾਰੀ ਮਨੁੱਖਤਾ ਲਈ ਹੈ। ਇਹ ਮਨੁੱਖ ਨੂੰ 'ਉਸਦੇ' ਹੁਕਮ ਵਿਚ ਚਲਣ ਲਈ ਪ੍ਰੇਰਦਾ ਹੈ, ਜਿਸ ਦੇ ਹੁਕਮ 'ਚ ਸਭ ਕੁਝ ਚੱਲ ਰਿਹਾ ਹੈ, ਸ਼ਬਦ ਰਾਹੀਂ ਸੱਚ ਦਾ ਪ੍ਰਕਾਸ਼ ਉਸਦੇ ਹਿਰਦੇ ਵਿਚ ਕਰ ਕੇ 'ਸਚਿਆਰ' ਬਣਾਉਂਦਾ ਹੈ ਅਤੇ ਪਰਮ ਸੱਤਾ ਦੀ ਸਦੀਵੀ ਜਗਦੀ ਜੋਤਿ, ਸ਼ਬਦ ਸੁਰਤਿ ਦੇ ਮੇਲ ਰਾਹੀਂ, ਮਨੁੱਖ ਅੰਦਰ ਜਗ ਕੇ ਹਉਮੈ ਰੂਪੀ ਮੈਲ ਧੋ ਕੇ ਹਿਰਦੇ ਨੂੰ ਨਿਰਮਲ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਗੁਰ-ਜੋਤਿ ਉਤਰਾਧਿਕਾਰੀ ਸਤਿਗੁਰਾਂ ਰਾਹੀਂ ਗੁਰਮੁਖ-ਪੰਥ ਦੀ ਮਰਯਾਦਾ ਨੂੰ ਅੱਗੇ ਤੋਰਦੀ ਗਈ, ਵਧਾਉਂਦੀ ਗਈ ਤੇ ਪਰਫੁਲਤ ਕਰਦੀ ਗਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਅਕਾਲ ਪੁਰਖ ਵਲੋਂ ਇਸੇ ਪੰਥ ਦੇ ਕਾਰਜ ਹਿੱਤ ਆਏ -

*ਗੁਰੂ ਗੋਬਿੰਦ ਸਿੰਘ ਗੁਰ ਨਾਨਕ ਮੈ ਭੇਦ ਨ ਰਾਈ।*
*ਜਾਮੇ ਦਸ ਇਕ ਜੋਤਿ ਸਮਾਈ।*
*(ਕੇਸਰ ਸਿੰਘ ਛਿੱਬਰ, 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ, ਪੰਨਾ ੫)*

ਸੋ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੀ ਜੋਤਿ ਬਣ ਕੇ, ਇਸ ਦਾ ਵਿਸਥਾਰ ਕੀਤਾ ਅਤੇ ਇਸ ਨੂੰ ਪੂਰਨ ਤੇ ਨਿਰੋਲ ਰੂਪ ਵਿੱਚ ਪ੍ਰਗਟ ਕਰ ਦਿੱਤਾ :

*ਮੈ ਅਪਨਾ ਸੁਤ ਤੋਹਿ ਨਿਵਾਜਾ॥*
*ਪੰਥ ਪ੍ਰਚੁਰ ਕਰਬੇ ਕਹੁ ਸਾਜਾ॥*
*ਜਾਹਿ ਤਹਾਂ ਤੈ ਧਰਮੁ ਚਲਾਇ॥*
*ਕੁਬੁਧਿ ਕਰਨ ਤੇ ਲੋਕ ਹਟਾਇ॥*
*ਬਚਿਤ੍ਰ ਨਾਟਕ, ੭, ੨੯*

*ਤੁਝੇ ਜੋ ਬਨਾਇਆ। ਸੋ ਏਹੀ ਉਪਾਇਆ।*
*ਕਰੋ ਪੰਥ ਮੇਰਾ। ਧਰਮ ਰਾਜ ਕੇਰਾ।*
*ਯਹੈ ਕਹਿ ਪਠਾਯੋ। ਤਬੈ ਸਿਸ਼ਟਿ ਆਯੋ।*
*ਭਏ ਕੇਸ ਧਾਰੀ। ਧਰੀ ਫੇਰ ਸਾਰੀ।*
***ਸ੍ਰੀ ਗੁਰ ਸੋਭਾ - ੧੩੦, ੩੧***

ਵੈਸਾਖ ਸੰਮਤ ੧੭੫੬ ਬਿ: ਨੂੰ ਗੁਰੂ ਨਾਨਕ ਜੋਤਿ ਨੇ ਖ਼ਾਲਸਾ ਪ੍ਰਗਟ ਕਰ ਕੇ ਗੁਰਮੁਖ-ਪੰਥ ਨੂੰ ਅੰਤਮ ਰੂਪ ਦੇ ਦਿੱਤਾ, ਪਰ ਪਰਖ ਲਈ ਕਸਵੱਟੀ ਉਹੋ ਹੀ ਰੱਖੀ, ਜੋ ਪਹਿਲੇ ਸਰੂਪ ਵਿੱਚ ਨਿਸ਼ਚਿਤ ਕੀਤੀ ਸੀ -

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥੨੦॥ ਅੰਗ - ੧੪੧੨*

ਖ਼ਾਲਸਾ ਪਰਗਟ ਕਰਨ ਤੋਂ ਪਹਿਲਾਂ ਦਸਵੇਂ ਪਾਤਸ਼ਾਹ ਪ੍ਰੇਮ ਖੇਲਣ ਦੇ ਚਾਉ ਲਈ ਗੁਰੂ ਨਾਨਕ ਦੇ ਘਰ ਦਾ ਸਭ ਕੁਝ ਆਪਣੇ ਸਿਰ ਸਮੇਤ ਸਿੱਖਾਂ ਨੂੰ ਦੇਣ ਦਾ ਬਚਨ ਕਰ ਚੁੱਕੇ ਸਨ ਅਤੇ ਦੇ ਰਹੇ ਸਨ -

*ਮੋ ਗ੍ਰਹਿ ਮੈ ਤਨ ਤੇ ਮਨ ਤੇ,*
*ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥੩॥*
***ਦਸਮ ਗ੍ਰੰਥ, ਗਿਆਨ ਪ੍ਰਬੰਧ, ਅੰਤ***

ਜਦੋਂ ਖਾਲਸਾ ਸਾਜਿਆ ਗਿਆ ਤਾਂ ਖਾਲਸੇ ਦਾ ਪ੍ਰਗਾਸ ਉਹਨਾਂ ਪਹਿਲੇ ਪੰਜ ਗੁਰਸਿੱਖਾਂ ਵਿਚ ਹੋਇਆ, ਜੋ ਧਰਮ ਦੀ ਖਾਤਰ ਸਿਰ ਧਰਿ ਤਲੀ ਅੱਗੇ ਆਏ। ਇਹਨਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਗਿਆ, ਪੰਥ ਦੀ ਮਰਯਾਦਾ ਦੱਸੀ ਗਈ ਤੇ ਉਪਦੇਸ਼ ਦਿੱਤਾ ਗਿਆ। ਇਹਨਾਂ ਨੂੰ 'ਪੰਜ ਪਿਆਰਿਆਂ' ਦਾ ਨਾਂ ਦੇ ਕੇ ਸਤਿਕਾਰਿਆ ਗਿਆ, ਜੋ ਗੁਰੂ ਦਾ ਖ਼ਾਲਸਾ ਹੈ। ਫਿਰ ਗੁਰੂ ਜੀ ਨੇ ਪੰਜਾਂ ਪਿਆਰਿਆਂ ਤੋਂ ਆਪ ਖੰਡੇ ਦਾ ਅੰਮ੍ਰਿਤ ਛਕਿਆ ਤੇ ਖਾਲਸੇ ਦੀ ਰਹਿਤ ਵਿਚ ਰਹਿਣ ਦਾ ਪ੍ਰਣ ਕੀਤਾ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਗੁਰਤਾ ਦਾ ਅਧਿਕਾਰ ਵੀ ਦੇ ਦਿੱਤਾ। ਸੋ ਇਹ ਪੰਜ ਪਿਆਰੇ ਗੁਰੂ ਖਾਲਸਾ ਹੋ ਗਏ, ਗੁਰਤਾ ਦੀ ਬਖਸ਼ਿਸ਼ ਪ੍ਰਾਪਤ ਕਰ ਕੇ। ਇਹ ਗੁਰੂ ਦਾ ਸਰੂਪ ਬਣ ਗਏ, ਗੁਰੂ ਇਹਨਾਂ ਵਿਚ ਅਭੇਦ ਹੋ ਗਿਆ। ਇਸ ਤੋਂ ਪਿਛੋਂ ਖਾਲਸਾ-ਪੰਥ ਵਿਚ ਸਿੱਖ ਬਣਾਉਣ ਦੀ ਰਸਮ ਕੇਵਲ ਪੰਜਾਂ ਪਿਆਰਿਆਂ ਦੁਆਰਾ ਖੰਡੇ ਨਾਲ ਤਿਆਰ ਕੀਤੇ ਅੰਮ੍ਰਿਤ ਰਾਹੀ ਅਮਲ ਵਿਚ ਲਿਆਂਦੀ ਗਈ।

**ਪੰਜ ਪਿਆਰੇ : ਗੁਰੂ ਖਾਲਸਾ** - ਪੰਜ ਪਿਆਰੇ ਪਹਿਲਾਂ ਸਿੱਖ ਸਨ। ਉਹਨਾਂ ਦਾ ਗੁਰੂ-ਖਾਲਸਾ ਬਣ ਜਾਣਾ ਗੁਰਮੁਖ-ਪੰਥ ਵਿਚ ਉਤਰਾਧਿਕਾਰੀ ਦੀ ਚੋਣ ਸੰਬੰਧੀ ਚਲ ਰਹੀ ਮਰਯਾਦਾ ਅਨੁਸਾਰ ਹੈ। ਗੁਰੂ ਖ਼ੁਦ ਆਪਣੇ ਸਿੱਖਾਂ ਵਿਚੋਂ ਪਰਖ ਕਰ ਕੇ ਚੋਣ ਕਰਦਾ ਹੈ, ਉਸ ਨੂੰ ਗੁਰੂ ਥਾਪ ਕੇ ਉਸ ਦੇ ਚਰਨੀ ਪੈਂਦਾ ਹੈ। ਗੁਰੂ-ਜੋਤਿ ਉਹ ਹੀ ਕ੍ਰਿਆਸ਼ੀਲ ਰਹਿੰਦੀ ਹੈ, ਕੇਵਲ ਸਰੀਰਕ ਰੂਪ ਹੀ ਬਦਲਦਾ ਹੈ -

*ਗੁਰਸਿਖੁ ਸਿਖੁ ਗੁਰ ਹੋਇ ਅਚਰਜੁ ਦਿਖਾਇਆ॥*
*ਜੋਤੀ ਜੋਤਿ ਜਗਾਇ ਦੀਪੁ ਦੀਪਾਇਆ॥*
*ਨੀਰੈ ਅੰਦਰਿ ਨੀਰੁ ਮਿਲੈ ਮਿਲਾਇਆ॥*
***ਭਾਈ ਗੁਰਦਾਸ ਜੀ, ਵਾਰ ੨੦/੨***

ਇਹ 'ਖੇਲ ਖਸੰਮ ਕਾ' ਪਹਿਲੇ ਗੁਰੂ ਸਾਹਿਬਾਨ ਤੋਂ ਹੀ ਚਲਦਾ ਆ ਰਿਹਾ ਹੈ। ਭਾਈ ਗੁਰਦਾਸ ਜੀ ਸਪੱਸ਼ਟ ਸ਼ਬਦਾਂ ਵਿਚ ਦੱਸਦੇ ਹਨ -

*ਸਤਿਗੁਰ ਨਾਨਕ ਦੇਉ ਆਪੁ ਉਪਾਇਆ॥*
*ਗੁਰ ਅੰਗਦੁ ਗੁਰਸਿਖੁ ਬਬਾਣੇ ਆਇਆ॥*
*ਗੁਰਸਿਖੁ ਹੈ ਗੁਰ ਅਮਰੁ ਸਤਿਗੁਰ ਭਾਇਆ॥*
*ਰਾਮਦਾਸੁ ਗੁਰਸਿਖੁ ਗੁਰੁ ਸਦਵਾਇਆ॥*
*ਗੁਰੁ ਅਰਜਨੁ ਗੁਰਸਿਖੁ ਪਰਗਟੀ ਆਇਆ॥*
*ਗੁਰਸਿਖੁ ਹਰਿਗੋਵਿੰਦੁ ਨ ਲੁਕੈ ਲੁਕਾਇਆ॥*
***ਭਾਈ ਗੁਰਦਾਸ ਜੀ, ੨੦/੧***

ਇਸ ਤਰ੍ਹਾਂ ਹੀ ਪੰਜ ਪਿਆਰੇ ਪਹਿਲਾਂ ਗੁਰਸਿੱਖ ਸਨ। ਉਹਨਾਂ ਨੂੰ ਅੰਮ੍ਰਿਤ ਛਕਾ ਕੇ ਗੁਰੂ-ਖ਼ਾਲਸਾ ਬਣਾ ਦਿੱਤਾ ਗਿਆ। ਉਹ ਗੁਰੂ ਦੀ ਹੈਸੀਅਤ ਵਿਚ ਖੰਡੇ ਦਾ ਅੰਮ੍ਰਿਤ ਛਕਾਉਣ ਦੀ ਮਰਯਾਧਾ, ਅੱਗੇ ਤੋਰਦੇ ਚਲੇ ਆ ਰਹੇ ਹਨ। ਫ਼ਰਕ ਕੇਵਲ ਇਤਨਾ ਹੈ ਕਿ ਪਹਿਲੀ ਮਰਯਾਦਾ ਵਾਂਗ ਉਹਨਾਂ ਵਿਚ ਇਕੱਲਾ, ਅੰਮ੍ਰਿਤ ਦੀ ਦੀਖਿਆ ਨਹੀਂ ਦੇ ਸਕਦਾ, ਕਿਉਂਕਿ ਹੁਣ ਇਹ ਅਧਿਕਾਰ ਪੰਜਾਂ ਦੇ ਸਮੂਹ ਨੂੰ ਹੈ।

ਗੁਰਮੁਖ-ਪੰਥ ਵਿਚ ਪੰਜ ਗੁਰਸਿੱਖਾਂ ਦੀ ਪ੍ਰਧਾਨਤਾ ਸ਼ੁਰੂ ਤੋਂ ਹੀ ਚਲੀ ਆਉਂਦੀ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਜਿੱਥੇ ਪੰਜ ਗੁਰ ਸਿੱਖ ਹੋਣ, ਉਥੇ ਪਰਮੇਸ਼ਰ ਆਪ ਵਰਤਦਾ ਹੈ। ਪੰਜਾਂ ਦਾ ਕੀਤਾ ਹੋਇਆ ਫੈਸਲਾ ਜਾਂ ਕੰਮ, ਪਰਮੇਸ਼ਰ ਦਾ ਮੰਨ ਕੇ ਸਵੀਕਾਰ ਕਰ ਲਿਆ ਜਾਂਦਾ ਹੈ।

*ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰ॥*
***ਭਾਈ ਗੁਰਦਾਸ ਜੀ, ਵਾਰ ੧੩/੧੯***

ਗੁਰੂ ਨਾਨਕ ਪੰਥ ਵਿਚ ਪੰਚ ਉਹ ਹਨ ਜੋ ਸਨਮੁੱਖ ਹੋ ਕੇ ਮਿਲਣ ਵਾਲੇ ਹੋਣ। ਜਿਨ੍ਹਾਂ ਨੇ ਗੁਰਮੁਖਾਂ ਦਾ ਧਰਮ ਧਾਰਨ ਕੀਤਾ ਹੋਵੇ ਤੇ ਪਰਮੇਸ਼ਰ ਦੇ ਪਾਸ ਰਹਿੰਦੇ ਹੋਣ,

***(ਬਾਕੀ ਪੰਨਾ 30 'ਤੇ)***

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਪਹਿਲੀ ਜੰਗ

*(ਡਾ. ਜਸਵੰਤ ਸਿੰਘ ਜੀ ਜਸ)*

੩੦ ਮਈ ਸੰਨ ੧੬੦੬ ਨੂੰ ਪੰਜਵੇਂ ਪਾਤਸ਼ਾਹ ਜੀ ਨੇ ਸ਼ਹੀਦੀ ਪ੍ਰਾਪਤ ਕਰਕੇ ਸੰਸਾਰ ਦੀ ਤਵਾਰੀਖ਼ ਵਿਚ ਵਿਚਾਰਾਂ ਦੇ ਪ੍ਰਗਟਾਵੇ ਅਤੇ ਧਾਰਮਿਕ ਆਜ਼ਾਦੀ ਦੀ ਪ੍ਰਾਪਤੀ ਲਈ ਇਕ ਨਵਾਂ ਮੀਲ-ਪੱਥਰ ਗੱਡਿਆ। ਉਪਰੰਤ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ, ਜਦੋਂ ਬਾਬਾ ਬੁੱਢਾ ਜੀ ਨੇ ਗੁਰਿਆਈ ਦਾ ਤਿਲਕ ਲਾਇਆ ਤਾਂ ਗੁਰੂ ਨੇ ਕਲਗੀ ਅਤੇ ਤਲਵਾਰ ਪਹਿਨਾਏ ਜਾਣ ਦਾ ਫੁਰਮਾਨ ਕੀਤਾ ਅਤੇ ਦੋ ਤਲਵਾਰਾਂ-ਇਕ ਮੀਰੀ ਦੀ ਅਤੇ ਇਕ ਪੀਰੀ ਦੀ ਧਾਰਨ ਕੀਤੀਆਂ। ਇਕ ਤਲਵਾਰ ਸੰਸਾਰਿਕ ਮਾਮਲਿਆਂ ਸੰਬੰਧੀ ਰਸਤਾ ਦਿਖਾਣ ਲਈ ਅਤੇ ਦੂਸਰੀ ਆਤਮਿਕ ਮੰਡਲਾਂ ਵਿਚ ਅਗਵਾਈ ਦੀ ਨਿਸ਼ਾਨੀ ਵਜੋਂ।

ਇਸ ਤੋਂ ਬਾਅਦ ਗੁਰੂ ਸਾਹਿਬ ਨੇ ਜ਼ਾਲਮ ਹਕੂਮਤ ਦਾ ਟਾਕਰਾ ਕਰਨ ਲਈ ਧਰਮੀ ਯੋਧਿਆਂ ਦੀ ਫੌਜ ਤਿਆਰ ਕਰਨ ਦੇ ਯਤਨ ਆਰੰਭ ਕੀਤੇ। ਇਸ ਸੰਧਰਭ ਵਿਚ ਆਪ ਜੀ ਨੇ ਅੰਮ੍ਰਿਤਸਰ ਵਿਚ ਲੋਹਗੜ੍ਹ ਦੇ ਕਿਲ੍ਹੇ ਦੀ ਉਸਾਰੀ ਕੀਤੀ। ਸੰਨ ੧੬੦੬ ਈ: ਵਿਚ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ, ਜਿਥੇ ਬੈਠ ਆਪ ਸੰਗਤਾਂ ਨੂੰ ਉਪਦੇਸ਼ ਕਰਦੇ ਅਤੇ ਜਿਥੇ ਵੱਡੇ ਦੀਵਾਨ ਲਗਦੇ ਅਤੇ ਬੀਰ-ਰਸ ਨਾਲ ਭਰਪੂਰ ਢਾਡੀ ਵਾਰਾਂ ਗਾਉਂਦੇ। ਗੁਰੂ ਸਾਹਿਬ ਦੇ ਹੁਕਮਨਾਮੇ ਜਾਣ ਕਰਕੇ ਜਿਥੇ ਹਰ ਪਾਸੇ ਤੋਂ ਭਿੰਨ ਭਿੰਨ ਪ੍ਰਕਾਰ ਦੇ ਸ਼ਸਤਰ ਅਤੇ ਸੁੰਦਰ ਘੋੜੇ ਗੁਰੂ ਸਾਹਿਬ ਦੀ ਸੇਵਾ ਵਿਚ ਪੁੱਜਣ ਲਗੇ, ਉਥੇ ਬਹੁਤ ਸਾਰੇ ਬੀਰ ਸਿਪਾਹੀ ਤੇ ਪਹਿਲਵਾਨ ਵੀ ਗੁਰੂ ਸਾਹਿਬ ਦੀ ਯੁੱਧ ਮਰਯਾਦਾ ਚਲਾਉਣ ਅਤੇ ਸਖਾਵਤ ਦੀ ਧਾਂਕ ਸੁਣ ਮਹਾਰਾਜ ਪਾਸ ਆਉਣ ਲੱਗੇ। ਸਭ ਤੋਂ ਪਹਿਲਾਂ ਸਤਿਗੁਰੂ ਨੇ ਬਵੰਜਾ ਚੋਣਵੇਂ ਸੂਰਮੇ ਆਪਣੇ ਨਿੱਜੀ ਗਾਰਦ ਦੇ ਤੌਰ ਤੇ ਰੱਖੇ ਤੇ ਇਸ ਤਰ੍ਹਾਂ ਉਨ੍ਹਾਂ ਨੇ ਸਿੱਖਾਂ ਦੇ ਫੌਜੀ ਬਲ ਦੀ ਬੁਨਿਆਦ ਰੱਖ ਦਿੱਤੀ। ਥੋੜ੍ਹੇ ਦਿਨਾਂ ਦੇ ਵਿਚ ਹੀ ਮਾਝੇ, ਦੁਆਬੇ ਅਤੇ ਮਾਲਵੇ ਵਿਚੋਂ ਪੰਜ ਸੋ ਸੂਰਬੀਰ, ਸਤਿਗੁਰਾਂ ਦੇ ਚਰਨਾਂ ਵਿਚ ਧਰਮ ਉਪਦੇਸ਼ ਲੈਣ ਲਈ ਹਾਜ਼ਰ ਹੋਏ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪ੍ਰਵਾਨ ਕਰਕੇ ਹਰੇਕ ਨੂੰ ਸ਼ਸਤਰ ਅਤੇ ਘੋੜਾ ਮੁਹੱਈਆ ਕੀਤਾ ਅਤੇ ਸੌ-ਸੌ ਸਵਾਰਾਂ ਦੇ ਪੰਜ ਜਥੇਦਾਰ, ਮੁਖੀ ਸਿੱਖਾਂ, ਭਾਈ ਬਿਧੀ ਚੰਦ, ਪਿਰਾਣਾ, ਜੇਠਾ, ਪਿਆਰਾ ਅਤੇ ਲੰਗਾਹ ਨੂੰ ਥਾਪਿਆ। ਗੁਰੂ ਸਾਹਿਬ ਅੰਮ੍ਰਿਤ ਵੇਲੇ ਸ੍ਰੀ ਹਰਿਮੰਦਰ ਸਾਹਿਬ ਵਿਚ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਸੁਣਨ ਤੋਂ ਬਾਅਦ ਮੱਥਾ ਟੇਕ ਸ੍ਰੀ ਅਕਾਲ ਤਖਤ ਸਾਹਿਬ ਆਣ ਸਜਦੇ ਅਤੇ ਸਿੱਖ ਸੰਗਤਾਂ ਨੂੰ ਧਰਮ ਯੁੱਧਾਂ ਵਿਚ ਕੁਰਬਾਨੀਆਂ ਕਰਨ ਦੇ ਲਈ ਪ੍ਰੇਰਦੇ। ਇਸਦੇ ਨਾਲ ਹੀ ਨੇਜ਼ੇ-ਬਾਜ਼ੀ ਤੇ ਘੋੜ-ਸਵਾਰੀ ਦੇ ਕਰਤਬ ਜ਼ੋਰ ਸ਼ੋਰ ਨਾਲ ਸਿਖਾਏ ਜਾਣ ਲੱਗੇ।

ਇਸੇ ਦੌਰਾਨ ਸੰਨ ੧੬੨੭ ਵਿਚ ਜਹਾਂਗੀਰ ਦਾ ਦੇਹਾਂਤ ਹੋ ਗਿਆ ਤੇ ਸ਼ਾਹ ਜਹਾਨ, ਜੋ ਕਿ ਦੱਖਣ ਵਿਚ ਸੀ, ਜਨਵਰੀ ੧੬੨੮ ਈ. ਵਿਚ ਆਗਰੇ ਆ ਕੇ ਤਖਤ ਤੇ ਬੈਠਾ। ਗੁਰੂ ਸਾਹਿਬ ਦੀ ਵਧ ਰਹੀ ਸ਼ਾਨੋ-ਸ਼ੌਕਤ ਅਤੇ ਫੌਜੀ ਸ਼ਕਤੀ ਨੂੰ ਦੇਖਦਿਆਂ ਹੋਇਆਂ ਅਤੇ ਇਸ ਤੇ ਨਿਗਰਾਨੀ ਰੱਖਣ ਦੇ ਲਈ ਲਾਹੌਰ ਵਿਚ, ਲਾਹੌਰ ਦੇ ਸੂਬੇ ਦੀ ਫੌਜ ਤੋਂ ਇਲਾਵਾ, ਇਕ ਖ਼ਾਸ ਫੌਜ ਮੁਖ਼ਲਸ ਖਾਂ ਦੀ ਕਮਾਨ ਹੇਠ, ਬਾਦਸ਼ਾਹ ਨੇ ਟਿਕਾਈ ਹੋਈ ਸੀ, ਜੋ ਹਮੇਸ਼ਾ ਸ਼ਰਾਰਤ ਦੀ ਤਾਕ ਵਿਚ ਰਹਿੰਦੀ ਸੀ। ਸ਼ਾਹ ਜਹਾਨ ਦੇ ਬਾਦਸ਼ਾਹ ਬਨਣ ਦੇ ਬਾਅਦ ਗੁਰੂ ਘਰ ਦੇ ਵਿਰੋਧੀਆਂ ਪਹੁੰਚਾਉਣ ਦੇ ਲਈ ਉਤਾਵਲੀ ਹੈ ਉੱਠੀ। ਦਾ ਮਨੋਬਲ ਵਧ ਗਿਆ ਅਤੇ ਇਹ ਫੌਜ ਗੁਰੂ ਸਾਹਿਬ ਦੇ ਨਾਲ ਝੜਪ ਲੈਣ ਲਈ, ਗੁਰੂ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਦੇ ਲਈ ਉਤਾਵਲੀ ਹੋ ਉੱਠੀ।

ਆਖ਼ਿਰ ਉਹ ਮੌਕਾ ਵੀ ਆ ਗਿਆ। ਇਕ ਵਾਰ

ਮੁਖ਼ਲਸ ਖਾਂ ਲਾਹੌਰ ਅਤੇ ਅੰਮ੍ਰਿਤਸਰ ਦੇ ਵਿਚਕਾਰਲੇ ਜੰਗਲੀ ਇਲਾਕੇ ਵਿਚ ਸ਼ਿਕਾਰ ਖੇਡਣ ਆਇਆ ਹੋਇਆ ਸੀ। ਇਸੇ ਵਕਤ ਹੀ ਗੁਰੂ ਸਾਹਿਬ ਵੀ ਇਸੇ ਜੰਗਲ ਵਿਚ ਆਪਣੇ ਸਿੱਖਾਂ ਨਾਲ ਸ਼ਿਕਾਰ ਖੇਡਣ ਨਿਕਲੇ ਹੋਏ ਸਨ। ਮੁਖ਼ਲਸ ਖ਼ਾਂ ਦਾ, ਸਫੈਦ ਬਾਜ਼ ਉਸ ਦੇ ਮੁਖ ਸ਼ਿਕਾਰੀ ਦੇ ਪਾਸੋਂ ਉਡ ਕੇ ਇਸੇ ਦੇ ਨਾਲ ਉਧਰ ਆ ਬੈਠਾ ਜਿਧਰ ਸਿੱਖ ਸ਼ਿਕਾਰ ਖੇਡਣ ਲਈ ਆਏ ਹੋਏ ਸਨ। ਕਾਫ਼ੀ ਦੇਰ ਜਦ ਕੋਈ ਬਾਜ਼ ਦਾ ਵਾਰਸ ਨਾ ਪਹੁੰਚਿਆ ਤਾਂ ਗੁਰੂ ਜੀ ਦੇ ਸ਼ਿਕਾਰੀਆਂ ਨੇ ਇਸ ਨੂੰ ਲਾਵਾਰਸ ਜਾਨਵਰ ਸਮਝ ਕੇ ਪਕੜ ਲਿਆ। ਬਾਅਦ ਵਿਚ ਜਦ ਮੁਖ਼ਲਸ ਖਾਂ ਦੇ ਆਦਮੀ ਪੁੱਜੇ ਅਤੇ ਬਾਜ਼ ਤੇ ਅਧਿਕਾਰ ਜਮਾਇਆ ਤਾਂ ਗੁਰੂ ਜੀ ਦੇ ਸ਼ਿਕਾਰੀਆਂ ਨੇ ਇਹ ਕਿਹਾ ਕਿ ਇਹ ਬਾਜ਼ ਜੰਗਲ ਵਿਚੋਂ ਲਾਵਾਰਸ ਪਕੜਿਆ ਗਿਆ ਹੈ, ਸੋ ਸ਼ਿਕਾਰੀਆਂ ਦੀ ਰਿਵਾਇਤ ਅਨੁਸਾਰ ਇਹ ਸਿੱਖਾਂ ਦਾ ਹੈ। ਜਦ ਮੁਖ਼ਲਸ ਖਾਂ ਦੇ ਸ਼ਿਕਾਰੀਆਂ ਨੇ ਰੋਹਬ ਦਾਬ ਪਾ ਕੇ ਸਿੱਖਾਂ ਨੂੰ ਧਮਕਾਇਆ ਤੇ ਸ਼ਾਹੀ ਧਾਂਕ ਦਾ ਦਬਕਾ ਮਾਰਿਆ ਤਾਂ ਸਿੱਖਾਂ ਨੇ ਤੈਸ਼ ਵਿਚ ਆ ਕੇ ਬਾਜ਼ ਵਾਪਸ ਕਰਨ ਤੋਂ ਨਾਂਹ ਕਰ ਦਿੱਤੀ।

ਮੁਖ਼ਲਸ ਖ਼ਾਂ ਦੇ ਬੰਦੇ ਲਾਹੌਰ ਵਾਪਸ ਗਏ ਅਤੇ ਅੰਮ੍ਰਿਤਸਰ ਪਾਸ ਹੋਈ ਗੱਲਬਾਤ ਨੂੰ ਹੋਰ ਵਧਾ ਚੜ੍ਹਾ ਕੇ ਪੇਸ਼ ਕੀਤਾ ਅਤੇ ਮੁਖ਼ਲਸ ਖ਼ਾਂ ਦੇ ਕੰਨ ਭਰੇ। ਮੁਖ਼ਲਸ ਖਾਂ ਪਹਿਲਾਂ ਹੀ ਕੋਈ ਬਹਾਨਾ ਭਾਲ ਰਿਹਾ ਸੀ ਅਤੇ ਸੱਤ ਹਜ਼ਾਰ ਫੌਜ ਲੈ ਕੇ ਅੰਮ੍ਰਿਤਸਰ ਵਲ ਧਾ ਪਿਆ। ਗੁਰੂ ਸਾਹਿਬ ਨੇ ਭਾਈ ਭਾਨੇ ਨੂੰ ਸੈਨਾਪਤੀ ਥਾਪ ਮੁਖ਼ਲਸ ਖ਼ਾਂ ਦਾ ਟਕਰਾਅ ਕਰਨ ਲਈ ਭੇਜਿਆ ਅਤੇ ਭਾਈ ਸਾਹਿਬ ਦਾ ਟਕਰਾ, ਮੁਖ਼ਲਸ ਖਾਂ ਦੀਆਂ ਫੌਜਾਂ ਨਾਲ ਉਸ ਥਾਂ ਤੋਂ, ਜਿਥੇ ਅੱਜ ਕਲ੍ਹ ਖਾਲਸਾ ਕਾਲਜ ਅਤੇ ਪਿਪਲੀ ਸਾਹਿਬ ਵਾਕਿਆ ਹੈ, ਹੋ ਗਿਆ। ਭਾਈ ਭਾਨੇ ਦੀ ਮਦਦ ਲਈ ਸੂਰਬੀਰ ਸਿੱਖਾਂ ਦਾ ਇਕ ਜੱਥਾ ਭਾਈ ਬਿਧੀ ਚੰਦ ਦੀ ਅਗਵਾਈ ਵਿਚ ਅੱਗੇ ਵਧਿਆ। ਦੋਨੋਂ ਪਾਸੇ ਜ਼ਬਰਦਸਤ ਝੜਪਾਂ ਹੋਈਆਂ ਅਤੇ ਫੌਜਾਂ ਆਪਸ ਵਿਚ ਉਲਝ ਗਈਆਂ। ਘੋੜਿਆਂ ਦੀ ਧੁੰਮਾਂ ਦੇ ਨਾਲ ਉਠੀ ਗਰਦ ਵਜੋਂ ਹਨੇਰਾ ਛਾ ਗਿਆ, ਜਿਸ ਵਿਚ ਤਲਵਾਰ ਉਪਰ ਤਲਵਾਰ ਵੱਜਣ ਨਾਲ ਨਿਕਲਦੇ ਚੰਗਿਆੜੇ ਜੁਗਨੂੰ ਦੀ ਤਰ੍ਹਾਂ ਨਜ਼ਰ ਆਉਂਦੇ ਸਨ। ਸੂਰਮਿਆਂ ਨੇ ਪੂਰੇ ਤਾਣ ਦੇ ਨਾਲ ਜੌਹਰ ਦਿਖਾਏ ਅਤੇ ਕੁਝ ਦੇਰ ਬਾਅਦ ਜਦੋਂ ਮੁਗਲ ਫ਼ੌਜਾਂ ਦੇ ਪੈਰ ਖਿਸਕਣ ਲੱਗੇ ਤਾਂ ਮੁਖ਼ਲਸ ਖ਼ਾਂ ਨੇ ਅਗਲੇਰੇ ਦਸਤੇ ਦੇ ਸਰਦਾਰ ਸ਼ਮਸ ਖ਼ਾਂ ਦੀ ਮਦਦ ਲਈ ਅਨਵਰ ਖ਼ਾਂ ਨੂੰ ਭੇਜਿਆ, ਜਿਸ ਨੇ ਸ਼ਮਸ ਖ਼ਾਂ ਨੂੰ ਪਠਾਣਾਂ ਦੀ ਸੂਰਮਗਤੀ ਦਾ ਉਲੇਖ ਕਰਦਿਆਂ ਹੋਇਆਂ ਲੜ ਮਰਨ ਲਈ ਪ੍ਰੇਰਿਆ। ਸ਼ਮਸ ਖਾਂ ਨੇ ਰੋਹ ਵਿਚ ਆਕੇ ਆਪਣੀਆਂ ਫੌਜਾਂ ਸਿੱਖਾਂ ਦੇ ਉੱਪਰ ਦੁਗਣੇ ਜ਼ੋਰ ਨਾਲ ਚੜ੍ਹਾਈਆਂ। ਇਸੇ ਦੌਰਾਨ ਸ਼ਮਸ ਖਾਂ ਦੇ ਘੋੜੇ ਨੂੰ ਗੋਲੀ ਲੱਗਣ ਦੇ ਕਾਰਨ ਸ਼ਮਸ ਖਾਂ ਪੈਦਲ ਹੋ ਗਿਆ। ਭਾਈ ਭਾਨਾ ਜੀ ਨੇ ਵੀ ਆਪਣੇ ਘੋੜੇ ਤੋਂ ਛਲਾਂਗ ਲਗਾਈ ਅਤੇ ਸ਼ਮਸ ਖਾਂ ਨੂੰ ਮੁਕਾਬਲੇ ਲਈ ਵੰਗਾਰਿਆ। ਸ਼ਮਸ ਖਾਂ ਨੇ ਭਾਈ ਭਾਨਾ ਜੀ ਉੱਪਰ ਤਲਵਾਰ ਨਾਲ ਵਾਰ ਕੀਤਾ, ਜੋ ਉਨ੍ਹਾਂ ਨੇ ਢਾਲ ਉਪਰ ਲੈ ਕੇ ਬਚਾਅ ਕਰ ਲਿਆ। ਇਸ ਦੇ ਬਾਅਦ ਭਾਈ ਭਾਨਾ ਜੀ ਦੇ ਵਾਰ ਨਾਲ ਸ਼ਮਸ ਖਾਂ ਦਾ ਸਿਰ ਵੇਲ ਤੋਂ ਟੁੱਟੇ ਹੋਏ ਕੱਦੂ, ਵਾਂਗ ਉੱਡ ਕੇ ਜ਼ਮੀਨ ਤੇ ਜਾ ਡਿੱਗਾ। ਆਪਣੇ ਸਰਦਾਰ ਨੂੰ ਡਿਗਦਿਆਂ ਦੇਖ ਕੇ ਮੁਗ਼ਲ ਫ਼ੌਜ ਗੁੱਸੇ ਨਾਲ ਕੰਬ ਉੱਠੀ ਅਤੇ ਭਾਈ ਭਾਨਾ ਜੀ ਵਲ ਧਾਹ ਪਈ। ਪਰ ਉਨ੍ਹਾਂ ਨੇ ਲਾਸਾਨੀ ਦਲੇਰੀ ਦਾ ਮੁਜ਼ਾਹਿਰਾ ਕਰਦਿਆਂ ਟਿੱਡੀ ਦਲ ਮੁਗਲ ਫੌਜ ਦਾ ਦੀਵਾਰ ਦੀ ਤਰ੍ਹਾਂ ਮੁਕਾਬਲਾ ਕੀਤਾ। ਇਸੇ ਦੌਰਾਨ ਦੋ ਗੋਲੀਆਂ ਉਨ੍ਹਾਂ ਦੇ ਸਰੀਰ ਨੂੰ ਵਿੰਨ੍ਹ ਗਈਆਂ ਅਤੇ ਉਹ ਪ੍ਰਮਾਤਮਾ ਦਾ ਜਾਪ ਕਰਦੇ ਹੋਏ ਰਣਭੂਮੀ ਵਿਚ ਬੀਰ ਸੇਜਾ ਸੌਂ ਗਏ॥

ਭਾਈ ਭਾਨਾ ਜੀ ਦੀ ਜਗ੍ਹਾ ਤੇ ਭਾਈ ਸਿੰਘਾ ਜੀ ਨੇ ਹੁਣ ਸਿੱਖਾਂ ਦੀ ਕਮਾਨ ਸੰਭਾਲੀ। ਉਧਰ ਸ਼ਮਸ ਖਾਂ ਦੀ ਜਗ੍ਹਾ ਮੁਖ਼ਲਸ ਖਾਂ ਨੇ ਮੁਹੰਮਦ ਅਲੀ ਨੂੰ ਇਕ ਹਜ਼ਾਰ ਸਿਪਾਹੀ ਦੇ ਕੇ ਅਗਾਂਹ ਤੋਰਿਆ। ਦੁਬਾਰਾ ਮਹਾਨ ਲੜਾਈ ਛਿੜੀ ਅਤੇ ਇਕ ਦੂਸਰੇ ਦੇ ਦੁਸ਼ਮਣਾਂ ਦੇ ਵਿਰੋਧੀ ਧਿਰਾਂ ਨੇ ਆਹੂ ਲਾਹੁਣੇ ਸ਼ੁਰੂ ਕਰ ਦਿਤੇ। ਜੇ ਸਿੱਖਾਂ ਨੇ ਮਹਾਨ ਸੂਰਮਗਤੀ ਦਿਖਾਈ ਤਾਂ ਮੁਹੰਮਦ ਅਲੀ ਨੇ ਵੀ ਪੂਰੀ ਵਾਹ ਲਾਈ। ਫੌਜਾਂ ਆਪਸ ਵਿਚ ਗੁੱਥਮ-ਗੁੱਥਾ ਸਨ ਕਿ ਮੁਹੰਮਦ ਅਲੀ ਨੇ ਭਾਈ ਸਿੰਘਾ ਉੱਪਰ ਦੋ ਗੋਲੀਆਂ ਚਲਾਈਆਂ, ਜੋ ਉਨ੍ਹਾਂ ਨੂੰ ਕੇਵਲ ਜ਼ਖਮੀ ਕਰਕੇ ਨਿਕਲ ਗਈਆਂ।ਇੰਨੇ ਨੂੰ ਭਾਈ ਸਿੰਘਾ ਜੀ ਕੁਝ ਸੰਭਲੇ ਅਤੇ ਜ਼ਖ਼ਮੀ ਹਾਲਤ ਦੇ ਵਿਚ ਹੀ ਇਕ ਐਸਾ ਤੀਰ ਚਲਾਇਆ ਜੋ ਮੁਹੰਮਦ ਅਲੀ ਦੀ ਛਾਤੀ ਨੂੰ ਚੀਰਦਾ ਹੋਇਆ ਨਿਕਲ ਗਿਆ। ਮੁਹੰਮਦ ਅਲੀ ਦੇ ਡਿੱਗਣ ਦੇ ਨਾਲ ਹੀ ਉਸ ਦੀ ਸੇਨਾ ਸਿੱਖਾਂ ਉੱਪਰ ਅੱਗੇ ਵਧ ਕੇ ਟੁੱਟ ਪਈ। ਇਸੇ ਦੌਰਾਨ ਸਿੱਖਾਂ ਦੀ ਕਮਾਨ ਪੈਂਦੇ ਖਾਂ ਨੇ ਸੰਭਾਲੀ ਅਤੇ ਉਹ ਤਖ਼ਤ ਫੌਜ ਉੱਤੇ ਬਾਜ ਦੀ ਤਰ੍ਹਾਂ ਉਮੜ ਪਿਆ। ਇਸੇ ਵਕਤ ਖੁਦ ਸਤਿਗੁਰੂ ਜੀ ਮੈਦਾਨੋ-ਜੰਗ ਵਿਚ ਆਣ ਉਤਰੇ ਅਤੇ ਆਪਣੇ ਅਣਿਆਲੇ

ਬਾਣਾਂ ਦੇ ਨਾਲ ਦੁਸ਼ਮਣ ਫੌਜ ਵਿਚ ਤਰਥੱਲੀ ਮਚਾ ਦਿੱਤੀ।

ਮੁਖਲਸ ਖਾਂ ਨੂੰ ਸਤਿਗੁਰੂ ਸਾਹਿਬ ਦੀ ਮੈਦਾਨ ਵਿਚ ਮੌਜੂਦਗੀ ਦਾ ਜਦੋਂ ਪਤਾ ਲੱਗਿਆ ਤਾਂ ਉਸ ਨੇ ਆਪਣੀ ਸਾਰੀ ਫੌਜ ਨੂੰ ਸਿੱਖਾਂ ਉਪਰ ਹਮਲਾ ਕਰਨ ਦਾ ਹੁਕਮ ਦਿੱਤਾ। ਨਾਲ ਹੀ ਉਸ ਨੇ ਫੌਜ ਨੂੰ ਵੰਗਾਰਦਿਆਂ ਹੋਇਆਂ ਆਖਿਆ ਕਿ ਗੁਰੂ ਨੂੰ ਪਕੜ ਕੇ ਜਿਹੜਾ ਬਾਦਸ਼ਾਹ ਦੇ ਸਾਹਮਣੇ ਪੇਸ਼ ਕਰੇਗਾ ਉਹ ਭਾਰੀ ਇਨਾਮ ਦਾ ਹੱਕਦਾਰ ਹੋਏਗਾ। ਮੁਖਲਸ ਖਾਂ ਦੀ ਵੰਗਾਰ ਨੇ ਆਪਣਾ ਰੰਗ ਦਿਖਾਇਆ ਅਤੇ ਤੁਰਕ ਸੇਨਾ ਚਾਰੇ ਦਿਸ਼ਾਵਾਂ ਤੋਂ ਰੋਹ ਖਾ ਕੇ ਅੱਗੇ ਵਧੀ। ਦੁਸ਼ਮਣ ਨੂੰ ਇਸ ਤਰ੍ਹਾਂ ਅਗਾਂਹ ਵਧਦਾ ਦੇਖ ਜਦੋਂ ਸਿੱਖਾਂ ਨੇ ਸਤਿਗੁਰਾਂ ਪਾਸ ਆਪਣੀ ਚਿੰਤਾ ਜ਼ਾਹਿਰ ਕੀਤੀ ਤਾਂ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਹੌਂਸਲਾ ਦਿੱਤਾ ਅਤੇ ਜੌਹਰ ਦਿਖਾਣ ਲਈ ਹੱਲਾਸ਼ੇਰੀ ਦਿੱਤੀ। ਗੁਰੂ ਸਾਹਿਬ ਤੋਂ ਆਸ਼ੀਰਵਾਦ ਪ੍ਰਾਪਤ ਕਰ ਕੇ ਪੈਂਦੇ ਖਾਂ, ਸ਼ਹੀਦ ਭਾਈ ਸਿੰਘ ਦਾ ਪੁੱਤਰ ਜਤੀ ਮਲ ਅਤੇ ਭਾਈ ਬਿਧੀ ਚੰਦ ਆਦਿ ਮੁਖੀ ਸਰਦਾਰਾਂ ਦੀ ਅਗਵਾਈ ਵਿਚ ਸਿੱਖ ਫੌਜ ਮੁਗਲ ਸੈਨਾ ਦੇ ਆਹੂ ਲਾਹੁਣ ਲੱਗੀ। ਐਸੀ ਨਜ਼ਦੀਕੀ ਝੜਪ ਹੋਈ ਕਿ ਆਪਣਾ ਪਰਾਇਆ ਪਤਾ ਕਰਨ ਵਿਚ ਮੁਸ਼ਕਲ ਪੇਸ਼ ਆਈ। ਜੇ ਗੁਰੂ ਜੀ ਦੇ ਸੂਰਮੇ-ਅਮੀਰਾ,ਗੋਪਾਲਾ, ਨਿਹਾਲਾ, ਪਿਆਰਾ, ਜੋਤਾ ਅਤੇ ਤੋੜਾ ਆਦਿ ਰਣ ਵਿਚ ਮਰ ਮਿਟਣ ਲਈ ਆਣ ਜੁਟੇ ਤਾਂ ਦੂਸਰੀ ਤਰਫ਼ੋਂ ਮੁਖ਼ਲਸ ਖਾਂ ਦੇ ਬਹਾਦਰ ਅਲੀ ਬੇਗ, ਦੀਦਾਰ ਅਲੀ, ਮੇਹਰ ਅਲੀ ਤੇ ਬਹਾਦਰ ਖ਼ਾਂ ਆਦਿ ਮੈਦਾਨ ਵਿਚ ਨਿੱਤਰੇ। ਬਹਾਦਰ ਖਾਂ ਤੇ ਉਸਦੇ ਦਸਤੇ ਦਾ ਕੰਮ ਤਮਾਮ ਕਰਦੇ ਹੋਏ। ਭਾਈ ਤੋਤਾ, ਤਿਲੋਕਾ ਅਤੇ ਨਿਹਾਲਾ ਸ਼ਹੀਦੀਆਂ ਪ੍ਰਾਪਤ ਕਰ ਗਏ। ਜਦੋਂ ਮੁਗਲ ਸੈਨਾ ਦੇ ਪੈਰ ਹਿੱਲੇ ਤਾਂ ਮੁਖ਼ਲਸ ਖ਼ਾਂ ਨੇ ਉਨ੍ਹਾਂ ਨੂੰ ਨਮਕ ਹਲਾਲੀ ਦਾ ਵਾਸਤਾ ਦੇਂਦਿਆਂ ਹੋਇਆਂ ਅਤੇ ਗੁਰੂ ਸਾਹਿਬ ਨੂੰ ਇਕ ਸਧਾਰਨ ਫ਼ਕੀਰ ਦਸਦਿਆਂ ਹੋਇਆਂ ਖਤਮ ਕਰਨ ਲਈ ਵੰਗਾਰਿਆ। ਜਿਸ ਨੂੰ ਸੁਣ ਸਲਾਮਤ ਅਲੀ, ਜੰਗ ਬੇਗ, ਰਹੀਮ ਬੇਗ ਅਤੇ ਹੋਰ ਸੂਰਮੇ ਨਿੱਤਰੇ, ਜਿਨ੍ਹਾਂ ਨੂੰ ਭਾਈ ਬਿਧੀ ਚੰਦ ਅਤੇ ਪੈਂਦੇ ਖਾਂ ਦੀ ਕਮਾਨ ਹੇਠ ਲੜ ਰਹੇ ਸਿਰਲਥ ਸਿੱਖ ਸੂਰਬੀਰਾਂ ਨੇ ਲੋਹੇ ਦੇ ਚਨੇ ਚਬਾ ਦਿੱਤੇ। ਉਧਰ ਸ਼ਾਮ ਪੈ ਗਈ ਅਤੇ ਲੜਾਈ ਰੁੱਕ ਗਈ।

ਅਗਲੇ ਦਿਨ ਮੁਖ਼ਲਸ ਖਾਂ ਨੇ ਫੈਸਲਾ-ਕੁੰਨ ਲੜਾਈ ਕਰਨ ਦਾ ਤਹੱਈਆ ਕੀਤਾ। ਪੈਂਦੇ ਖਾਂ ਨੇ ਸਿੱਖ ਫ਼ੌਜ ਦੀ ਅਗਵਾਈ ਕੀਤੀ। ਪੈਂਦੇ ਖਾਂ ਨੇ ਚਾਹੇ ਬਥੇਰੀ ਵਾਹ ਲਾਈ, ਪਰ ਨਵੀਂ ਕੁਮਕ ਆ ਜਾਣ ਕਰਕੇ ਦਲੇਰ ਹੋਈ ਤੁਰਕੀ ਫੌਜ ਨੇ ਉਸ ਨੂੰ ਚਿੰਤਾਤੁਰ ਕਰ ਦਿੱਤਾ। ਇਸੇ ਦੌਰਾਨ ਸਤਿਗੁਰੂ ਜੀ ਆਪ ਮੈਦਾਨ ਵਿਚ ਆਏ ਤੇ ਫੌਜਾਂ ਦੇ ਹੌਂਸਲੇ ਵਧਣ ਕਰਕੇ ਮੁਗ਼ਲ ਫ਼ੌਜ ਵਿਚ ਘਬਰਾਹਟ ਪੈਦਾ ਹੋ ਗਈ। ਮੁਖਲਸ ਖ਼ਾਂ ਨੇ ਗੁਰੂ ਸਾਹਿਬ ਨੂੰ ਘੇਰ ਲੈਣ ਲਈ ਮੁਗਲ ਸਿਪਾਹੀਆਂ ਨੂੰ ਫੁਰਮਾਨ ਕੀਤਾ। ਗੁਰੂ ਸਾਹਿਬ ਦੇ ਨਾਲ ਜਤੀ ਮਲ, ਪੈਂਦੇ ਖਾਂ ਅਤੇ ਭਾਈ ਬਿਧੀ ਚੰਦ ਨੇ ਪੂਰੇ ਜ਼ੋਰ ਨਾਲ ਦੁਸ਼ਮਣ ਤੇ ਹੱਲਾ ਬੋਲ ਦਿਤਾ। ਸੁਲਤਾਨ ਬੇਗ ਭਾਈ ਬਿਧੀ ਚੰਦ ਹਥੋਂ ਮਾਰਿਆ ਗਿਆ। ਪੈਂਦੇ ਖਾਂ ਨੇ ਮੁਖਲਸ ਖਾਂ ਦੇ ਖਾਸ ਨਜ਼ਦੀਕੀ ਜਰਨੈਲ ਦੀਦਾਰ ਅਲੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਮੁਖ਼ਲਸ ਖ਼ਾਂ ਆਪਣੇ ਸੂਰਬੀਰਾਂ ਦੀ ਮੌਤ ਤੋਂ ਗੁਸੇ ਵਿਚ ਆ ਗਿਆ ਅਤੇ ਆਪਣੀ ਫੌਜ ਨੂੰ ਚੀਰਦਾ ਹੋਇਆ ਸਤਿਗੁਰਾਂ ਦੇ ਸਾਹਮਣੇ ਜਾ ਖਲੋਤਾ। ਗੁਰੂ ਜੀ ਦੇ ਸਾਹਮਣੇ ਜਾ ਕੇ ਉਸ ਨੇ ਲਲਕਾਰ ਮਾਰੀ ਤੇ ਗਰਜਿਆ, 'ਫੌਜਾਂ ਦੇ ਲਸ਼ਕਰ ਨੂੰ ਲੜਾਉਣ ਤੇ ਬਿਗਾਨੇ ਪੁੱਤਰ ਮਰਵਾਣ ਦੀ ਜਗ੍ਹਾ ਆਓ! ਆਪਾਂ ਦੋਨੋਂ ਫ਼ੈਸਲਾ ਕਰ ਲਈਏ।' ਹਜ਼ੂਰ ਨੇ ਕਿਹਾ, ਆ ਭਈ ਜਰਨੈਲਾ! ਜੀ ਆਇਆਂ ਨੂੰ। ਸਰਦਾਰਾਂ ਨੂੰ ਆਪਸ ਵਿਚ ਜੁਟਣ ਦੇ ਸਮੇਂ ਦੇ ਰਿਵਾਜ ਮੁਤਾਬਿਕ ਫੌਜਾਂ ਆਪਣੀ ਆਪਣੀ ਜਗ੍ਹਾ ਤੇ ਰੁਕ ਗਈਆਂ।

ਪਹਿਲੇ ਤੀਰਾਂ ਦੀ ਲੜਾਈ ਹੋਈ ਤਾਂ ਸਤਿਗੁਰਾਂ ਦੇ ਬਾਣਾਂ ਨੇ ਮੁਖਲਸ ਖਾਂ ਦੇ ਘੋੜੇ ਨੂੰ ਜ਼ਖਮੀ ਕਰ ਦਿੱਤਾ। ਘੋੜਾ ਡਿਗ ਪੈਣ ਤੇ ਜਦ ਮੁਖਲਸ ਖਾਂ ਪੈਦਲ ਹੋਇਆ ਤਾਂ ਗੁਰੂ ਸਾਹਿਬ ਨੇ ਵੀ ਘੋੜੇ ਤੋਂ ਛਲਾਂਗ ਲਗਾ ਦਿੱਤੀ। ਮੁਖਲਸ ਖਾਂ ਨੇ ਸਤਿਗੁਰਾਂ ਨੂੰ ਕਿਹਾ ਕਿ ਤਲਵਾਰ ਢਾਲ ਦੀ ਲੜਾਈ ਕਰੋ ਅਤੇ ਜੇ ਸੂਰਮੇ ਹੋ ਤਾਂ ਤੀਰ ਕਮਾਨ ਸੁੱਟ ਦਿਓ। ਸਤਿਗੁਰਾਂ ਨੇ ਤੀਰ ਕਮਾਨ ਛੱਡ ਦਿੱਤਾ ਤਾਂ ਮੁਗਲ ਜਰਨੈਲ ਨੇ ਪੂਰੇ ਵੇਗ ਨਾਲ ਗੁਰੂ ਜੀ ਉਪਰ ਤਲਵਾਰ ਦਾ ਵਾਰ ਕੀਤਾ, ਜੋ ਗੁਰੂ ਸਾਹਿਬ ਨੇ ਪੈਂਤੜਾ ਬਦਲ ਕੇ ਖਾਲੀ ਕਰ ਦਿਤਾ। ਉਸ ਦਾ ਦੂਜਾ ਵਾਰ ਵੀ ਗੁਰੂ ਜੀ ਨੇ ਢਾਲ ਤੇ ਰੋਕ ਲਿਆ। ਜਦ ਉਸ ਦੇ ਦੋ ਵਾਰ ਖਾਲੀ ਗਏ ਤਾਂ ਸਾਹਿਬਾਂ ਨੇ ਕਿਹਾ ਕਿ ਹੁਣ ਅਸਾਡੀ ਵਾਰੀ ਹੈ। ਤਿਆਰ ਹੋ ਜਾ! ਇਹ ਕਹਿੰਦਿਆਂ ਹੀ ਸਤਿਗੁਰਾਂ ਨੇ ਪਹਿਲੇ ਵਾਰ ਵਿਚ ਹੀ ਆਪਣਾ ਭਾਰੀ ਖੰਡਾ ਅਜਿਹੇ ਜ਼ੋਰ ਨਾਲ ਮੁਖਲਸ ਦੇ ਸਿਰ ਵਿਚ ਮਾਰਿਆ ਕਿ ਉਹ ਪਠਾਣ ਦੀ ਢਾਲ ਨੂੰ ਚੀਰਦਾ ਹੋਇਆ, ਸਿਰ ਦੇ ਵਿਚ ਦੀ ਲੰਘ ਕੇ ਧੜ ਦੇ ਦੋ ਟੁਕੜੇ ਕਰ ਗਿਆ।

ਮੁਖ਼ਲਸ ਖ਼ਾਂ ਦੇ ਡਿਗਣ ਦੀ ਦੇਰ ਸੀ ਕਿ ਤੁਰਕ

ਫੌਜ ਦੌੜ ਪਈ। ਸਿੱਖ ਫੌਜ ਦੌੜੇ ਜਾਂਦੇ ਦੁਸ਼ਮਣ ਦੇ ਮਗਰ ਹੋ ਗਈ। ਪਰ ਸਤਿਗੁਰਾਂ ਨੇ ਹੁਕਮ ਦਿੱਤਾ ਕਿ ਸਿਪਾਹੀਆਂ ਨੂੰ ਵਾਪਸ ਬੁਲਾ ਲਿਆ ਜਾਏ, ਕਿਉਂਕਿ ਭੱਜਿਆਂ ਦੇ ਮਗਰ ਅਸੀਂ ਨਹੀਂ ਜਾਣਾ। ਆਪਾਂ ਧਰਮ-ਯੁੱਧ ਕਰਨੇ ਹਨ, ਜਿਨ੍ਹਾਂ ਦੇ ਵਿਚ ਬੇ-ਹਥਿਆਰੇ, ਡਿਗੇ ਹੋਏ ਤੇ ਜ਼ਖ਼ਮੀ ਸ਼ਖਸ ਦੇ ਉਪਰ ਵਾਰ ਨਹੀਂ ਕਰਨਾ, ਦੌੜੇ ਜਾਂਦੇ ਦੁਸ਼ਮਣ ਨੂੰ ਨਹੀਂ ਮਾਰਨਾ, ਨਾਰੀ ਦੀ ਇੱਜਤ ਨੂੰ ਹੱਥ ਨਹੀਂ ਪਾਉਣਾ, ਤੇ ਲੜਾਈ ਵਿਚ ਪਹਿਲ ਨਹੀਂ ਕਰਨੀ। ਜਦ ਮੁਗ਼ਲ ਫ਼ੌਜ ਮੈਦਾਨ ਵਿਚੋਂ ਨੌਂ ਦੋ ਗਿਆਰਾਂ ਹੋ ਗਈ ਅਤੇ ਸਿੱਖ ਫੌਜ ਭਜਦੇ ਦੁਸ਼ਮਣ ਨੂੰ ਛੱਡ ਕੇ ਵਾਪਸ ਆ ਗਈ ਤਾਂ ਰਣ ਵਿਚ ਜੂਝੇ ਅਤੇ ਜ਼ਖਮੀ ਹੋ ਗਏ ਸੂਰਮਿਆਂ ਦੀ ਮਰਹਮ ਪੱਟੀ ਵਲ ਸਤਿਗੁਰਾਂ ਨਿਜੀ ਤਵੱਜੋ ਦਿੱਤੀ। ਗੁਰੂ ਸਾਹਿਬ ਪਹਿਲਾਂ ਲੋਹਗੜ੍ਹ ਵਲ ਗਏ, ਜਿਥੇ ਪੰਝੀ ਸਿੱਖਾਂ ਨੇ ਮੋਰਚਿਆਂ ਵਿਚ ਬੈਠ ਸ਼ਾਹੀ ਲਸ਼ਕਰ ਦਾ ਟਾਕਰਾ ਕੀਤਾ ਸੀ ਤੇ ਇਕ ਇਕ ਸਿੱਖ ਆਪਣੇ ਆਖ਼ਰੀ ਸਵਾਸ ਤਕ ਬੀਰ ਕਿਰਿਆ ਕਰਦਾ ਹੋਇਆ ਸ਼ਹੀਦ ਹੋਇਆ ਸੀ। ਇਹਨਾਂ ਵਿਚੋਂ ਭਾਈ ਮੋਹਨ ਤੇ ਗੁਪਾਲਾ, ਵੱਡੇ ਸੂਰਮੇ ਕਾਫ਼ੀ ਜ਼ਖਮੀ ਸਨ ਤੇ ਜੀਵਨ ਦੇ ਆਖਰੀ ਸਾਹਾਂ ਤੇ ਸਨ। ਗੁਰੂ ਸਾਹਿਬ ਨੇ ਇਹਨਾਂ ਦੀ ਬਹਾਦਰੀ ਤੇ ਭਾਰੀ ਪ੍ਰਸੰਨਤਾ ਦਾ ਪ੍ਰਗਟਾਵਾ ਕੀਤਾ ਅਤੇ ਉਹਨਾਂ ਨੂੰ ਗੋਦ ਵਿਚ ਲਿਆ ਅਤੇ ਵਰ ਮੰਗਣ ਲਈ ਆਖਿਆ ਤਾਂ ਇਹਨਾਂ ਨੇ ਕਿਹਾ ਕਿ ਸਾਡੀ ਖਾਹਿਸ਼ ਹੈ ਕਿ ਪ੍ਰਾਨ ਅੱਤ ਜਬ ਹੋਏ ਹਮਾਰੇ, ਤਬ ਸਤਿਗੁਰ ਨਿਜ ਨਿਯੁਕ ਨਿਹਾਰੇ। ਭਾਵ ਜਦ ਸਾਡਾ ਅੰਤਮ ਸਮਾਂ ਹੋਏ ਤਾਂ ਆਪ ਸਾਡੇ ਰੂਬਰੂ ਰਹੇ। ਇਸ ਤਰ੍ਹਾਂ ਦੋਵੇਂ ਸਤਿਗੁਰਾਂ ਦੀ ਹਜ਼ੂਰੀ ਵਿਚ ਸਚਖੰਡ ਗਮਨ ਕੀਤੇ। ਇਸ ਤੋਂ ਬਾਅਦ ਸਤਿਗੁਰਾਂ ਨੇ ਉਥੇ ਹੀ ਅੰਗੀਠਾ ਤਿਆਰ ਕਰਵਾਇਆ ਤੇ ਸਾਰੇ ਮੈਦਾਨ ਵਿਚੋਂ ਸੂਰਬੀਰਾਂ ਦੇ ਸਰੀਰ ਇਕੱਠੇ ਕਰਵਾ, ਸਸਕਾਰ ਕਰਵਾਏ।

ਚਾਹੇ ਇਹ ਲੜਾਈ ਆਰੰਭ ਵਿਚ ਲਾਹੌਰ ਵਲੋਂ ਸ਼ਾਹੀ ਫੌਜਾਂ ਦੇ ਆਣ ਤੋਂ ਪਿਪਲੀ ਸਾਹਿਬ ਕੋਲ ਹੋਈ ਸੀ, ਪਰ ਸ਼ਹਿਰ ਦੀ ਘੇਰਾ-ਬੰਦੀ ਦੀ ਯੋਜਨਾ ਦੇ ਸਦਕਾ ਸ਼ਾਹੀ ਲਸ਼ਕਰ ਦੇ ਨਾਲ ਜ਼ਿਆਦਾ ਘਮਸਾਣ ਦੱਖਣ ਵਾਲੇ ਪਾਸੇ ਗਿਲਵਾਲੀ, ਚੱਬੇ ਤੇ ਚਾਟੀਵਿੰਡ ਦੇ ਪਾਸ ਪਿਆ। ਇਸ ਪਹਿਲੇ ਧਰਮ ਯੁੱਧ ਦੀ ਯਾਦ ਨੂੰ ਤਾਜ਼ਾ ਕਰਦਾ ਹੋਇਆ ਗੁਰਦੁਆਰਾ ਸੰਗਰਾਣਾ ਸਾਹਿਬ ਅੰਮ੍ਰਿਤਸਰੋਂ ਚਾਰ ਕੁ ਮੀਲ ਦੱਖਣ ਵੱਲ ਹੈ।

***(ਪੰਨਾ 26 ਦੀ ਬਾਕੀ)***

ਭਾਵ ਇਹ ਕਿ ਉਹ ਪ੍ਰੀਤਵਾਨ ਨਾਮ ਵਿਚ ਸੁਰਤਿ ਜੋੜ ਕੇ, ਚਿੰਤਨ ਕਰ ਕੇ, ਉਸ ਵਿੱਚ ਸਹਜ ਸੁਭਾਇ ਸਮਾਏ ਰਹਿੰਦੇ ਹੋਣ। ਅਜਿਹੇ ਗੁਰਮੁਖਾਂ ਦੇ ਮੇਲ ਕਰਕੇ ਹੀ ਪੰਚ ਪਰਵਾਣ ਹੁੰਦੇ ਹਨ ਅਤੇ ਸਾਧ ਸੰਗਤ ਵਿਚ ਨਾਮ ਦਾ ਅਨੰਦ ਮਾਣਦੇ ਹਨ। ਗੁਰ-ਸ਼ਬਦ ਰੂਪੀ ਦਰਸ਼ਨ ਦੇ ਧਾਰਨੀ ਹੁੰਦੇ ਹਨ। ਪ੍ਰੇਮਾ-ਭਗਤੀ ਦੇ ਸੱਚੇ ਰਸਤੇ 'ਤੇ ਚਲਦੇ ਹੋਏ ਨਾਮ ਦੁਆਰਾ ਨਿਜ ਸਰੂਪ ਵਿੱਚ ਮਗਨ ਰਹਿੰਦੇ ਹਨ -

***ਗੁਰਮੁਖਿ ਪੰਥ ਚਲਾਇਆ ਗੁਰਸਿਖੁ ਮਾਇਆ ਵਿਚਿ ਉਦਾਸੀ॥***
***ਮਨਮੁਖਿ ਮਿਲਿ ਪੰਚ ਆਖੀਅਨਿ ਬਿਰਦੁ ਪੰਚ ਪਰਮੇਸੁਰ ਪਾਸੀ॥***
***ਗੁਰਮੁਖਿ ਮਿਲਿ ਪਰਵਾਣ ਪੰਚ ਸਾਧਸੰਗਤਿ ਸਚਖੰਡ ਬਿਲਾਸੀ॥***
***ਗੁਰ ਦਰਸਨ ਗੁਰ ਸਬਦ ਹੈ ਨਿਜ ਘਰਿ ਭਾਇ ਭਗਤਿ ਰਹਰਾਸੀ॥*** ***ਭਾਈ ਗੁਰਦਾਸ ਜੀ, ਵਾਰ ੩੯/੧੭***

ਉਹ ਪਰਮੇਸ਼ੁਰ, ਜੋ ਕਿਸੇ ਦੇ ਵਸ ਵਿਚ ਨਹੀਂ ਹੈ ਅਤੇ ਜਿਸ ਦੀ ਕੀਮਤ ਨਹੀਂ ਪਾਈ ਜਾ ਸਕਦੀ, ਉਸ ਨਾਲ ਮਿਲਾਪ ਪੰਜ ਪਰਵਾਣ ਸਿੱਖਾਂ ਦੀ ਸੰਗਤ ਰਾਹੀਂ ਹੁੰਦਾ ਹੈ। ਇਹ ਪੰਜ ਸਿੱਖ ਅਜਿਹੇ ਹੁੰਦੇ ਹਨ, ਜਿਨ੍ਹਾਂ ਨੇ ਵਲ ਛਲ ਛੱਡ ਦਿੱਤਾ ਹੋਵੇ ਅਤੇ ਉਹਨਾਂ ਦੀ ਲਿਵ ਅਨਹਦ ਸ਼ਬਦ ਵਿਚ ਲੱਗੀ ਹੋਵੇ। ਅਜਿਹੀ ਸੁਰਤੀ ਵਾਲੇ, ਪਰਮਾਤਮਾ ਦੀ ਲਿਵ ਵਾਲੇ ਗੁਰੂ-ਪਿਆਰੇ, ਗੁਰਸਿੱਖ ਹੀ ਸਾਧ ਸੰਗਤ ਵਿਚ ਸੋਭਦੇ ਹਨ। ਇਨ੍ਹਾਂ ਵਿਚ ਹੀ ਪ੍ਰਮੇਸ਼ਰ ਵੱਸਦਾ ਹੈ, ਇਹ ਹੀ ਗੁਰੂ ਨਾਲ ਜੁੜੇ ਹੋਏ ਹੁੰਦੇ ਹਨ -

***ਪਰਮੇਸਰ ਹੈ ਪੰਜ ਮਿਲਿ ਲੇਖ ਅਲੇਖ ਨ ਕੀਮਤਿ ਪਾਈ॥***
***ਪੰਜ ਮਿਲੇ ਪਰਪੰਚ ਤਜਿ ਅਨਹਦ ਸਬਦ ਸਬਦਿ ਲਿਵ ਲਾਈ॥***
***ਸਾਧਸੰਗਤਿ ਸੋਹਨਿ ਗੁਰ ਭਾਈ॥***
***ਭਾਈ ਗੁਰਦਾਸ ਜੀ, ਵਾਰ ੨੯/੬***

ਇਥੋਂ ਤੱਕ ਕਿ ਪਰਮੇਸ਼ੁਰ ਨੂੰ ਵੀ ਪੰਜਾਂ (ਤੱਤਾਂ) ਵਿਚ ਨਿਵਾਸ ਕਰਨ ਵਾਲਾ ਪੰਚਾਇਣ ਕਿਹਾ ਗਿਆ ਹੈ। ਅਜਿਹੇ ਪੰਜ ਗੁਰਸਿੱਖ, ਜਿਹਨਾਂ ਵਿਚ ਪਰਮੇਸ਼ਰ ਦਾ ਨਿਵਾਸ ਹੈ, ਉਹ ਸਹਜ ਸਮਾਧੀ ਸਥਿਤ ਰਹਿਣ ਵਾਲੇ ਹੁੰਦੇ ਹਨ, ਉਥੇ ਪੰਚ-ਸ਼ਬਦ ਦੀ ਧੁਨੀ ਚਲਦੀ ਹੈ -

***ਪੰਚਾਇਣ ਪਰਮੇਸਰੋ ਪੰਚ ਸਬਦ ਘਨਘੋਰ ਨੀਸਾਣਾ॥***
***ਭਾਈ ਗੁਰਦਾਸ ਜੀ, ਵਾਰ ੭/੫***

# ਗੁਰੂ ਹਰਿ ਗੋਬਿੰਦ ਜੀ ਨਾਲ ਸੰਬੰਧਿਤ ਇਤਿਹਾਸਕ ਗੁਰਦੁਆਰਾ
# ਗੁਰੂਸਰ ਸੁਤਲਾਣੀ

*(ਭਾਈ ਮਨਜੀਤ ਸਿੰਘ ਜੀ)*

'ਗੁਰੂਸਰ ਸੁਤਲਾਣੀ' ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸਬੰਧਤ ਪਾਵਨ ਅਤੇ ਇਤਿਹਾਸਕ ਧਰਮ-ਅਸਥਾਨ ਹੈ, ਜੋ ਜ਼ਿਲਾ ਅੰਮ੍ਰਿਤਸਰ : ਨਾਲ ਲੱਗਦੀ ਅਟਾਰੀ ਹਿੰਦ-ਪਾਕ ਸਰਹੱਦ ਤੋਂ ਕੋਈ ਦੋ ਕਿਲੋਮੀਟਰ ਉਨ੍ਹਾਂ ਵੱਲ ਨੂੰ ਥਾਣਾ ਘਰਿੰਡਾ ਖੇਤਰ ਵਿਚ ਸਥਿਤ ਹੈ। ਇਸ ਧਰਮ ਅਸਥਾਨ ਨਾਲ ਇਕ ਸਰੋਵਰ ਵੀ ਹੈ, ਜਿਸ ਦੀ ਬੜੀ ਇਤਿਹਾਸਕ ਮਹੱਤਤਾ ਦੱਸੀ ਜਾਂਦੀ ਹੈ। ਇਤਿਹਾਸ ਮੁਤਾਬਕ ਇਕ ਵਾਰ ਛੇਵੇਂ ਸਤਿਗੁਰੂ ਨੇ ਲਾਹੌਰ ਤੋਂ ਅੰਮ੍ਰਿਤਸਰ ਆਉਂਦੇ ਹੋਏ ਇਸ ਤਾਲ ਦੇ ਕੰਢੇ 'ਤੇ ਵਿਸਰਾਮ ਕੀਤਾ ਸੀ। ਉਸੇ ਵੇਲੇ ਖੇਤਰ ਵਾਸੀਆਂ ਨੇ ਗੁਰੂ ਮਹਾਰਾਜ ਅੱਗੇ ਇਲਾਕੇ ਦੇ ਹਾਕਮ ਗਾਜ਼ੀ ਹੁਸ਼ਿਆਰ ਖਾਂ ਵਲੋਂ ਉਨ੍ਹਾਂ ਤੇ ਕੀਤੇ ਜਾ ਰਹੇ ਜ਼ੁਲਮ ਤੋਂ ਛੁਟਕਾਰਾ ਦਿਵਾਉਣ ਲਈ ਬੇਨਤੀ ਕੀਤੀ। ਕਿਹਾ ਜਾਂਦਾ ਹੈ ਕਿ ਸੰਗਤਾਂ ਦੀ ਦੁਖ ਤਕਲੀਫ ਨੂੰ ਵੇਖ ਕੇ ਗੁਰੂ ਮਹਾਰਾਜ ਨੇ ਹਾਕਮ ਨੂੰ ਜਾ ਲਲਕਾਰਿਆ। ਇਸ ਤਲਾਅ ਤੋਂ ਅੱਧਾ ਕੁ ਮੀਲ ਦੂਰ ਗੁਰੂ ਮਹਾਰਾਜ ਅਤੇ ਹਾਕਮ ਵਿਚਕਾਰ ਯੁੱਧ ਹੋਇਆ, ਜਿਸ ਵਿਚ ਹਾਕਮ ਮਾਰਿਆ ਗਿਆ। ਮਰਨ ਤੋਂ ਪਹਿਲਾਂ ਜ਼ਖਮੀ ਸੂਰਤ ਵਿਚ ਹਾਕਮ ਨੇ ਆਪਣਾ ਨਾਮ ਚਲਦਾ ਰਹਿਣ ਲਈ ਗੁਰੂ ਮਹਾਰਾਜ ਨੂੰ ਬੇਨਤੀ ਕੀਤੀ ਤਾਂ ਗੁਰੂ ਮਹਾਰਾਜ ਨੇ ਉਸ ਦਿਨ ਤੋਂ ਇਸ ਅਸਥਾਨ ਨੂੰ 'ਹੁਸ਼ਿਆਰ ਨਗਰ' ਸੱਦਣ ਲਈ ਸੰਗਤਾਂ ਨੂੰ ਹੁਕਮ ਕੀਤਾ। ਤਦ ਤੋਂ ਇਸ ਇਲਾਕੇ ਦਾ ਨਾਮ ਹੁਸ਼ਿਆਰ ਨਗਰ ਪੈ ਗਿਆ ਦੱਸਿਆ ਜਾਂਦਾ ਹੈ। ਇਸੇ ਤਰ੍ਹਾਂ ਜਿਸ ਤਲਾਅ ਦੇ ਕੰਢੇ ਉਨ੍ਹਾਂ ਵਿਸਰਾਮ ਕੀਤਾ ਉਸ ਨੂੰ ਕਈ ਵਰ ਦਿੱਤੇ ਅਤੇ ਇਸਦਾ ਨਾਮ ਵੀ ਗੁਰੂਸਰ ਸੁਤਲਾਣੀ' ਰੱਖ ਦਿੱਤਾ। ਕਿਹਾ ਜਾਂਦਾ ਹੈ ਤਦ ਤੋਂ ਇਸ ਅਸਥਾਨ ਦਾ ਨਾਮ ਵੀ ਇਹੀ ਚਲਿਆ ਆਉਂਦਾ ਹੈ। ਲੋਕਾਂ ਦੀ ਆਮ ਧਾਰਣਾ ਹੈ ਕਿ ਇਸ ਸਰੋਵਰ ਵਿਚ ਜੋ ਕੋਈ ਸ਼ਰਧਾ ਵਿਸ਼ਵਾਸ ਨਾਲ ਇਸ਼ਨਾਨ ਕਰਦਾ ਹੈ ਉਸ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਇਸੇ ਕਰਕੇ ਜ਼ਿਲੇ ਦੇ ਇਕ ਪਾਸੇ ਹੋਣ ਦੇ ਬਾਵਜੂਦ ਇਥੇ ਰੌਣਕਾਂ ਲੱਗੀਆਂ ਰਹਿੰਦੀਆਂ ਹਨ।

ਇਸ ਪਾਵਨ ਅਸਥਾਨ ਦੀ ਹੁਣ ਨਵ-ਉਸਾਰੀ ਸ਼ੁਰੂ ਹੋਈ ਹੈ, ਜਿਸ ਦੀਆਂ ਦੋ ਮੰਜ਼ਲਾਂ ਤਿਆਰ ਹੋ ਗਈਆਂ ਹਨ। ਇਸ ਅਸਥਾਨ ਦੀ ਨਵ-ਉਸਾਰੀ ਕਾਰ ਸੇਵਾ ਵਾਲੇ ਸੰਤ ਬਾਬਾ ਮੰਗਲ ਸਿੰਘ ਜੀ ਗੁਰੂਸਰ ਸੁਤਲਾਣੀ ਵਾਲੇ ਕਰਵਾ ਰਹੇ ਹਨ। ਬਾਬਾ ਜੀ ਨੇ ਦੱਸਿਆ ਕਿ ਬਣਨ ਵਾਲੀ ਇਹ ਤਿੰਨ-ਮੰਜ਼ਲੀ ਇਮਾਰਤ ਕਲਾ ਦੇ ਵਿਸ਼ੇਸ਼ ਨਜ਼ਰੀਏ ਨਾਲ ਉਸਾਰੀ ਜਾ ਰਹੀ ਹੈ। ਜਿਸ ਲਈ ਵਧੇਰੇ ਸਮਾਂ ਲੱਗ ਸਕਦਾ ਹੈ। ਉਨ੍ਹਾਂ ਦੱਸਿਆ ਕਿ ੧੮ਵੀਂ ਸਦੀ ਦੇ ਕਲਾ ਨਮੂਨੇ ਤੇ ਅਧਾਰਿਤ ਵਿਸ਼ੇਸ਼ ਕਿਸਮ ਦੀਆਂ ਇੱਟਾਂ ਘੜੀਆਂ ਜਾ ਰਹੀਆਂ ਹਨ, ਜਿਨ੍ਹਾਂ ਦੀ ਘਸਾਈ ਤੇ ਬਹੁਤ ਸਮਾਂ ਤੇ ਧਨ ਖਰਚ ਹੁੰਦਾ ਹੈ। ਪਰ ਇਮਾਰਤ ਦੀ ਤਿਆਰੀ ਉਪਰੰਤ ਭਵਨ ਕਲਾ ਦੇ ਖਿਆਲ ਨਾਲ ਇਹ ਅਹਿਮ ਹੋਵੇਗੀ। ਫੁੱਲ ਬੂਟਿਆਂ ਦੇ ਨਮੂਨੇ ਇੱਟਾਂ ਨੂੰ ਘੜ ਕੇ ਤਿਆਰ ਕੀਤੇ ਜਾ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰ ਹੇਠ ਆ ਗਏ ਇਸ ਧਰਮ ਅਸਥਾਨ ਦੇ ਨਾਮ ਨਾਲ ਮਹਾਰਾਜਾ ਰਣਜੀਤ ਸਿੰਘ ਅਤੇ ਸਿੱਖ ਰਿਆਸਤਾਂ ਵਲੋਂ ਵੱਡੀਆਂ ਜਗੀਰਾਂ ਅਤੇ ਜ਼ਮੀਨਾਂ ਲਾਈਆਂ ਗਈਆਂ ਸਨ ਜਿਸ ਤੇ ਹੁਣ ਵੀ ਧਰਮ ਅਸਥਾਨ ਦਾ ਹੀ ਅਧਿਕਾਰ ਹੈ ਅਤੇ ਉਥੇ ਖੇਤੀਬਾੜੀ ਕੀਤੀ ਜਾਂਦੀ ਹੈ। ਇਸੇ ਖੇਤਰ ਦੇ ਆਸ ਪਾਸ ਹੋਰ ਵੀ ਕਈ ਧਰਮ ਅਸਥਾਨ ਹਨ ਪਰ ਚੌਹੀਂ ਪਾਸੀਂ ਖੇਤਾਂ ਦੀ ਹਰਿਆਲੀ ਵਿਚ ਇਹ ਇਕੋ ਇਕ ਅਸਥਾਨ ਬਹੁਤ ਸੋਹਣਾ ਤੇ ਰਮਣੀਕ ਲੱਗਦਾ ਹੈ।

# ਮਨ ਨੀਵਾਂ, ਮਤਿ ਉੱਚੀ

*[ਡਾ. ਜਸਵੰਤ ਸਿੰਘ ਜੀ ਨੇਕੀ]*

ਮਨ ਸਾਡੇ ਅੰਦਰ ਦਾ ਉਹ ਉਪਕਰਣ ਹੈ ਜਿਸ ਰਾਹੀਂ ਬਾਹਰਲੇ ਸੰਸਾਰ ਨਾਲ ਸਾਡਾ ਸੰਬੰਧ ਬਣਦਾ ਹੈ। ਗਿਆਨ-ਇੰਦਰਿਆਂ ਰਾਹੀਂ ਇਹ ਸੰਸਾਰ ਦਾ ਗਿਆਨ ਪ੍ਰਾਪਤ ਕਰਦਾ ਹੈ ਤੇ ਕਰਮ ਇੰਦਰਿਆਂ ਰਾਹੀਂ ਇਸੇ ਸੰਸਾਰ ਉਪਰ ਅਸਰ-ਅੰਦਾਜ਼ ਹੁੰਦਾ ਹੈ। ਪੰਜਾਂ ਤੱਤਾਂ ਤੋਂ ਜਨਮਿਆ ਇਹ ਮਨ, ਆਤਮਾ ਦੇ ਪ੍ਰਕਾਸ਼ ਨਾਲ ਚੇਤੰਨ ਹੁੰਦਾ ਹੈ। ਦਰ-ਅਸਲ ਇਹ ਚੇਤੰਨ ਆਤਮਾ ਤੇ ਅਚੇਤਨ ਸਰੀਰ ਦੇ ਸੰਜੋਗ ਤੋਂ ਹੀ ਪੈਦਾ ਹੁੰਦਾ ਹੈ।

ਇਸ ਦਾ ਇਕ ਪੱਖ 'ਹਉਮੈ' ਹੈ। ਜੋ ਕੁਝ ਵੀ ਇਹ ਕਰਦਾ ਹੈ, ਉਸ ਨੂੰ ਇਹ 'ਮੈਂ ਮੇਰੀ' ਨਾਲ ਸੰਬੰਧਤ ਕਰੀ ਜਾਂਦਾ ਹੈ : 'ਇਹ ਮੈਂ ਵੇਖਿਆ', 'ਇਹ ਮੈਂ ਸੋਚਿਆ', 'ਇਹ ਮੈਂ ਚਿਤਵਿਆ', 'ਇਹ ਮੈਂ ਕੀਤਾ' ਇਤਿਆਦਿ। ਜੋ ਕੁਝ ਵੀ ਇਹ ਸੋਚਦਾ ਹੈ, ਆਪਣੀ 'ਮੈਂ' ਵਾਸਤੇ ਸੋਚਦਾ ਹੈ; ਜੋ ਕੁਝ ਵੀ ਇਹ ਮੰਗਦਾ ਹੈ, ਆਪਣੀ 'ਹਉ ਵਾਸਤੇ ਮੰਗਦਾ ਹੈ; ਜੋ ਕੁਝ ਵੀ ਇਹ ਕਰਦਾ ਹੈ, ਆਪਣੇ 'ਅਹੰ' ਦੇ ਹਿਤ ਵਾਸਤੇ ਕਰਦਾ ਹੈ। ਇਸ ਦੀ ਐਸੀ ਸੋਚਣੀ ਅਹੰ-ਬੁੱਧੀ ਜਾਂ ਅਹੰ-ਮਤ ਹੈ। ਇਸੇ ਕਾਰਨ ਇਹ ਆਫਰਿਆ ਫਿਰਦਾ ਹੈ, ਐਸੇ ਮਨ ਦੇ ਆਖੇ ਲਗਣਾ ਮਨ-ਮਤਿ ਹੈ।

ਹਉਮੈ ਹੀ ਫੁੱਲ ਕੇ ਅਹੰਕਾਰ ਹੋ ਜਾਂਦੀ ਹੈ, ਅਤੇ ਅਹੰਕਾਰੀ ਮਨ ਵਿਚ ਕੋਈ ਉਪਦੇਸ਼ ਨਹੀਂ ਠਹਿਰਦਾ ਅਹੰਕਾਰੀ ਤਾਂ ਕੋਈ ਉਪਦੇਸ਼ ਗ੍ਰਹਿਣ ਹੀ ਨਹੀਂ ਕਰਦਾ। ਉਸ ਦੀ ਮਤਿ ਭਰਿਸ਼ਟ ਹੋ ਜਾਂਦੀ ਹੈ, ਖੀਨ ਹੋ ਜਾਂਦੀ ਹੈ।

ਪਰ, ਜਿਹੜਾ ਮਨ ਨਿਮ੍ਰਤਾ ਵਿਚ ਢਲਦਾ ਹੈ, ਉਹ ਆਪਣੇ ਬੂਹੇ ਚਹੁੰ ਕੂੰਟਾਂ, ਆਉਂਦੇ ਉਪਦੇਸ਼ ਲਈ ਖੋਲ੍ਹ ਦੇਂਦਾ ਹੈ, ਗੁਰੂ ਦੀ ਨਿਰਮਲ ਮਤਿ ਗ੍ਰਹਿਣ ਕਰਦਾ ਹੈ ਤੇ ਕਰਣੀ ਉੱਚੀ ਕਰਦਾ ਹੈ। ਉਹ ਤਾਂ -

*ਮਤਿ ਹੋਦੀ ਹੋਇ ਇਆਣਾ।*
*ਤਾਣ ਹੋਦੇ ਹੋਇ ਨਿਤਾਣਾ।*
*ਅਣਹੋਦੇ ਆਪੁ ਵੰਡਾਏ।*
*ਕੋ ਐਸਾ ਭਗਤੁ ਸਦਾਏ।* *ਅੰਗ - ੧੩੮੪*

ਗੁਰਮਤਿ ਵਿਚ ਤਾਂ ਜੋ ਆਪਣੇ ਆਪ ਨੂੰ ਨੀਵਾਂ ਜਾਣਦਾ ਹੈ, ਉਥੋਂ ਦੀ ਪਦਵੀ ਉੱਚੀ ਗਿਣੀਂਦੀ ਹੈ। ਮਸਕੀਨਾਂ ਨੂੰ ਹੀ ਆਤਮਕ ਸੁਖ ਪ੍ਰਾਪਤ ਹੁੰਦਾ ਹੈ, ਅਹੰਕਾਰੀ ਤਾਂ ਆਪਣੇ ਅਹੰਕਾਰ ਵਿਚ ਹੀ ਗਲਦੇ ਹਨ। ਸਿੱਖੀ ਵਿਚ ਤਾਂ ਨੀਵਾਂ ਮਨ ਹੀ ਜਿਣਦਾ ਹੈ, ਅਹੰਕਾਰੀ ਮਨ ਤਾਂ ਹਾਰਦਾ ਹੈ।

ਗਿਆਨ ਰਤਨਾਵਲੀ ਵਿਚ ਆਉਂਦਾ ਹੈ : ਬਾਬੇ ਕਿਹਾ, 'ਫੱਵਾਰੇ ਦਾ ਜਲ ਜਿਤਨਾ ਨੀਵਾਂ ਜਾਂਦਾ ਹੈ ਉਤਨਾ ਹੀ ਉੱਚਾ ਚੜ੍ਹਦਾ ਹੈ। ਤੈਸੇ ਜੋ ਮਨ ਨੀਵਾਂ ਕਰਦੇ ਹਨ, ਸੋ ਉੱਚੀ ਪਦਵੀ ਕਰਤਾਰ ਦੀ ਨੂੰ ਪ੍ਰਾਪਤ ਹੋਂਦੇ ਹਨ।

ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਵੀ ਗੁਰੂ ਬਾਬੇ ਨੇ ਨਿਮ੍ਰਤਾ ਦਾ ਹੀ ਆਦੇਸ਼ ਦਿੱਤਾ ਹੈ। ਆਉਂਦਾ ਹੈ, ਨਿਵਣਾਂ ਸਭ ਅੱਗੇ, ਖਿਮਾ ਕਰਨੀ, ਮਿੱਠਾ ਬੋਲਣਾ। ਇਹ ਬਚਨ ਯਾਦ ਰਖਣੇ।

ਜੋ ਮਨ ਨੀਵਾਂ ਰੱਖਦਾ ਹੈ ਉਹ ਡਿਗਦਾ ਨਹੀਂ, ਉਸ ਨੂੰ ਨਮੋਸ਼ੀ ਕਦੇ ਨਹੀਂ ਵਾਪਰਦੀ। ਨਿਮ੍ਰਤਾ ਵਿਚ ਤਾਂ ਆਕਾਸ਼ ਦੀ ਜੋਤਿ ਜਗਦੀ ਹੈ। ਸੋ ਨੀਵਾਂ ਮਨ ਸਦਾ ਰੁਸ਼ਨਾਇਆ ਰਹਿੰਦਾ ਹੈ। ਉਸ ਦੀ ਸ਼ਰਧਾ ਸਦਾ ਨਰੋਈ ਰਹਿੰਦੀ ਹੈ। ਪਰ, ਕੂੜਾਵਾਂ ਨਮ੍ਰਤਾਂ ਵਿਚ ਨਹੀਂ। ਜੇਕਰ ਦੁਨੀਆਂ ਦਾ ਅਭਿਮਾਨ ਤਜ ਕੇ ਕੋਈ ਪਾਰਸਾਈ ਦਾ ਅਭਿਮਾਨ ਹੀ ਅੰਦਰ ਪਾ ਲੈਂਦਾ ਹੈ, ਤਾਂ ਉਸ ਦੀ ਨਮ੍ਰਤਾ ਕੂੜਾਵੀ ਹੈ। ਉਹ ਤਾਂ ਨਮ੍ਰਤਾ ਦਾ ਦੰਭ ਭਰਦਾ ਹੈ। ਉਹ ਤਾਂ ਅਭਿਮਾਨ ਵਿਚ ਨਿਉਂਦਾ ਹੈ। ਨਿਉਂਦਾ ਹੈ, ਕਿ ਉਸ ਦੀ ਪ੍ਰਭਤਾ ਹੋਰ

**(ਬਾਕੀ ਪੰਨਾ 35 'ਤੇ)**

# ਸ਼ਹੀਦ ਭਾਈ ਮਨੀ ਸਿੰਘ ਜੀ

*[ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ.]*

ਭਾਈ ਮਨੀ ਸਿੰਘ ਜੀ ਦਾ ਜਨਮ ਚੌਧਰੀ ਕਾਲੇ ਦੇ ਘਰ ਹੋਇਆ। ਮਾਪਿਆਂ ਨੇ ਨਾਂ 'ਮਨੀਆ' ਰੱਖਿਆ। ਉਹ ਮਸਾਂ ਕੁ ਪੰਜ ਸਾਲ ਦੇ ਸਨ ਕਿ ਉਹਨਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਅਪਰਨ ਕਰ ਦਿੱਤਾ। ਉਹ ਛੋਟੀ ਉਮਰ ਤੋਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਦਸ਼ਮੇਸ਼ ਜੀ ਦੀ ਸੇਵਾ ਵਿਚ ਰਹੇ। ਉਨ੍ਹਾਂ ਨੇ ਸ੍ਰੀ ਦਸਮੇਸ਼ ਜੀ ਪਾਸੋਂ ਗੁਰੂ ਕਾ ਅੰਮ੍ਰਿਤ ਛਕਿਆ ਤੇ ਉਨ੍ਹਾਂ ਦਾ ਨਾ ਮਨੀ ਸਿੰਘ ਰੱਖਿਆ ਗਿਆ। ਜਦੋਂ 1704 ਵਿਚ ਗੁਰੂ ਜੀ ਨੇ ਅਨੰਦਪੁਰ ਛੱਡਿਆ ਤਾਂ ਗੁਰੂ ਜੀ ਦੀ ਆਗਿਆ ਅਨੁਸਾਰ ਮਾਤਾ ਸੁੰਦਰ ਕੌਰ ਜੀ ਤੇ ਮਾਤਾ ਸਾਹਿਬ ਕੌਰ ਜੀ ਦੇ ਨਾਲ ਦਿੱਲੀ ਜਾ ਠਹਿਰੇ ਸਨ। ਸਨ 1705 ਵਿੱਚ ਦਸਮੇਸ਼ ਜੀ ਦੀ ਹਜ਼ੂਰੀ ਵਿਚ ਦਮਦਮਾ ਸਾਹਿਬ ਪੁੱਜੇ। ਦੱਖਣ ਦੀ ਧਰਤੀ ਨਾਂਦੇੜ ਜਾਣ ਸਮੇਂ ਭਾਈ ਮਨੀ ਸਿੰਘ ਜੀ ਗੁਰੂ ਜੀ ਨਾਲ ਗਏ। ਸਚਖੰਡ ਪਿਆਨਾ ਸਮੇਂ ਗੁਰੂ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ ਮਾਤਾ ਸੁੰਦਰ ਕੌਰ ਜੀ ਪਾਸ ਦਿੱਲੀ ਰਹਿਣ ਲਈ ਭਾਈ ਮਨੀ ਸਿੰਘ ਜੀ ਨਾਲ ਭੇਜਿਆ।

ਦਿੱਲੀ ਤੋਂ ਹੀ ਮਾਤਾ ਸੁੰਦਰ ਕੌਰ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦਾ ਪ੍ਰਬੰਧ ਠੀਕ ਕਰਨ ਲਈ ਭਾਈ ਮਨੀ ਸਿੰਘ ਜੀ ਨੂੰ 1721 ਦੇ ਸ਼ੁਰੂ ਵਿਚ ਸ੍ਰੀ ਦਰਬਾਰ ਸਾਹਿਬ ਜੀ ਦਾ ਹੈਡ ਗ੍ਰੰਥੀ ਬਣਾ ਕੇ ਭੇਜਿਆ। ਭਾਈ ਸਾਹਿਬ ਨੇ ਸ਼ਹਿਰ ਦੇ ਮੁੱਖੀ ਗੁਰਮੁਖਾਂ, ਗੁਰ ਸਿੰਘਾਂ ਨਾਲ ਗੁਰਮਤਿ ਦੀ ਰੋਸ਼ਨੀ ਵਿੱਚ ਸਲਾਹ ਮਸ਼ਵਰਾ ਕਰਕੇ ਸ੍ਰੀ ਦਰਬਾਰ ਦਾ ਪ੍ਰਬੰਧ ਸੁੱਚਜੇ ਢੰਗ ਨਾਲ ਸੁਧਾਰਿਆ ਅਤੇ ਸੇਵਾ ਸੰਭਾਲ ਕਰਦੇ ਰਹੇ। ਮਾਤਾ ਸੁੰਦਰ ਕੌਰ ਜੀ 80 ਸਾਲ ਦੀ ਉਮਰ ਤਕ ਸੰਸਾਰ ਵਿਚ ਰਹੇ, ਜਦੋਂ ਗੁਰੂ ਜੀ ਸੱਚਖੰਡ ਪਿਆਨਾ ਹੋਏ ਉਦੋਂ ਇਨ੍ਹਾਂ ਦੀ ਉਮਰ 40 ਸਾਲ ਸੀ। ਆਪ ਜੀ 40 ਸਾਲ ਤਕ ਸਿੱਖ ਕੌਮ ਅਤੇ ਸਿੱਖ-ਪੰਥ ਨੂੰ ਹੁਕਮਨਾਮੇ ਜਾਰੀ ਕਰਦੇ ਰਹੇ। ਮਾਤਾ ਸੁੰਦਰ ਕੌਰ ਜੀ ਨੇ ਵੀ ਬਹੁਤ ਸੇਵਾ ਕੀਤੀ ਹੈ। ਅਸੀਂ ਇਨ੍ਹਾਂ ਨੂੰ ਯੋਗ ਸਨਮਾਨ ਨਹੀਂ ਦੇ ਸਕੇ। ਸਾਨੂੰ ਸੁੰਦਰੀ ਨਹੀਂ ਕਹਿਣਾ ਚਾਹੀਦਾ, ਅਸੀਂ ਮਾਤਾ ਸੁੰਦਰੀ, ਮਾਤਾ ਗੁਜਰੀ ਦੇ ਨਾਂ ਤੇ ਸਕੂਲਾਂ, ਕਾਲੇਜਾਂ ਦੇ ਨਾਂ ਰਖੇ ਹੋਏ ਹਨ। ਦਾਸ ਨੂੰ ਤਾਂ ਵਿਰੋਧ ਕਰਦਿਆਂ ਉਮਰ ਹੋ ਗਈ ਹੈ, ਕੋਈ ਕਮੇਟੀ ਦਾ ਮੈਂਬਰ ਸੁਣਕੇ ਰਾਜੀ ਨਹੀਂ ਹੈ। ਸਭ ਮਿਲ ਕੇ ਉਪਰਾਲਾ ਕਰੋ ਜੀ। ਇਹਨਾਂ ਨੂੰ ਮਾਤਾ ਸੁੰਦਰ ਕੌਰ ਤੇ ਮਾਤਾ ਗੁਜਰ ਕੌਰ ਜੀ ਕਹਿਣਾ ਚਾਹੀਦਾ ਹੈ ਕਿਉਂਕਿ ਇਹਨਾਂ ਨੇ ਖੰਡੇ-ਬਾਟੇ (ਗੁਰੂ ਜੀ) ਦਾ ਅੰਮ੍ਰਿਤ ਛੱਕਿਆ ਹੋਇਆ ਸੀ ਜੇ ਅਸੀਂ ਨਹੀਂ 'ਕੌਰ' ਕਹਿਣਾ ਫਿਰ ਤਾਂ ਰਬ ਹੀ ਰਾਖਾ। ਸਾਨੂੰ ਸਭਨਾਂ ਸਿੱਖਾਂ ਨੂੰ ਇਹਨਾਂ ਸਤਿਕਾਰਯੋਗ ਤੇ ਪੂਜਣਯੋਗ ਆਤਮਾਵਾਂ ਦੇ ਨਾਮ ਨਾਲ 'ਕੌਰ' ਜੋ ਕਿ ਗੁਰੂ ਗੋਬਿੰਦ ਸਿੰਘ ਦਸਮੇਸ਼ ਪਿਤਾ ਵੱਲੋਂ ਬਖਸ਼ਿਸ਼ ਹੋਇਆ ਹੈ, ਲਿਖਣਾ ਤੇ ਬੋਲਣਾ ਚਾਹੀਦਾ ਹੈ, ਹੱਥ ਜੋੜ ਕੇ ਸਾਰੀ ਸਿੱਖ ਕੌਮ ਅਤੇ ਸਿੱਖ ਪੰਥ ਨੂੰ ਬੇਨਤੀ ਕਰਦਾ ਹਾਂ ਜੀ।

ਸ੍ਰੀ ਅੰਮ੍ਰਿਤਸਰ ਵਿਚ ਦੀਵਾਲੀ ਦਾ ਜੋੜ-ਮੇਲਾ ਸੀ, ਮੁਗਲ ਸਰਕਾਰ ਨੇ ਸਿੱਖਾਂ ਤੇ ਕਈ ਵਰ੍ਹਿਆਂ ਤੋਂ ਇਹ ਜੋੜ ਮੇਲਾ ਮਨਾਉਣਾ ਬੰਦ ਕੀਤਾ ਹੋਇਆ ਸੀ ਕਿਉਂਕਿ ਸੰਨ 1716 ਤੋਂ ਲੈ ਕੇ 1766 ਤਕ ਖਾਲਸੇ ਦੇ ਇਮਤਿਹਾਨ ਦਾ ਸਮਾਂ ਸੀ। ਖਾਲਸੇ ਦੇ ਸਿਰਾਂ ਦੇ ਮੁੱਲ ਰੱਖੇ ਗਏ ਸਨ, ਘਰ-ਘਰ ਤੋਂ ਕੱਢ ਕੇ ਕਤਲ ਕਰ ਰਹੇ ਸਨ, ਇਹ ਸਮਾਂ ਸਿੱਖਾਂ ਲਈ ਬਹੁਤ ਹੀ ਮੁਸੀਬਤ ਭਰਿਆ ਸੀ।

ਅਜੋਕੇ ਮਾੜੇ ਹਾਲਾਤਾਂ ਵਿਚ ਵੀ ਗੁਰੂ ਕਾ ਖਾਲਸਾ

ਦੁਸ਼ਮਣ ਦੀ ਤਾਕਤ ਨੂੰ ਤਬਾਹ ਕਰਨ ਲਈ ਅਤੇ ਚੰਗੇ ਦਿਨਾਂ ਲਈ ਤਿਆਰੀ ਕਰਨ ਲਈ ਖਿੰਡਿਆ-ਪੁੰਡਿਆ ਹੋਇਆ ਸੀ। ਖਾਲਸਾ ਜੰਗਲਾਂ, ਬੇਲਿਆ, ਪਹਾੜਾਂ, ਰੇਗਿਸਤਾਨ ਵਿਚ ਪਨਾਹ ਲਈ ਬੈਠਾ ਸੀ। ਖਾਲਸੇ ਦੀ ਤਾਕਤ ਨੂੰ ਇਕ ਮੁੱਠ ਕਰਨ ਲਈ ਭਾਈ ਸਾਹਿਬ ਜੀ ਨੇ ਇਕ ਯੋਜਨਾ ਬਣਾਈ। 1735-36 ਵਿਚ ਭਾਈ ਸਾਹਿਬ ਨੇ ਲਾਹੌਰ ਦੇ ਸੂਬੇ ਪਾਸੋਂ ਦੀਵਾਲੀ ਦਾ ਮੇਲਾ ਲਾਉਣ ਦੀ ਆਗਿਆ ਮੰਗੀ। ਆਗਿਆ ਇਸ ਸ਼ਰਤ ਤੇ ਦਿੱਤੀ ਗਈ ਕਿ ਮੇਲੇ ਮਗਰੋਂ ਪੰਜ ਹਜਾਰ ਰੁਪਏ ਸਰਕਾਰ ਨੂੰ ਦੇਣਾ ਪਵੇਗਾ। ਮੇਲਾ ਦਸ ਦਿਨ ਰਹਿਣਾ ਸੀ। ਭਾਈ ਸਾਹਿਬ ਜੀ ਨੇ ਸੱਦੇ ਭੇਜੇ, ਪਰ ਉੱਧਰ ਸੂਬੇ ਨੇ ਦੀਵਾਨ ਲਖਪਤ ਰਾਏ ਦੀ ਮਦਦ ਵਾਸਤੇ ਬਹੁਤ ਸਾਰੀ ਫੌਜ਼ ਭੇਜ ਦਿੱਤੀ। ਜਿਸ ਨੇ ਰਾਮ ਤੀਰਥ ਤੇ ਜਾ ਕੇ ਡੇਰਾ ਲਾਇਆ। ਇਨ੍ਹਾਂ ਦੀ ਚਾਲ ਸੀ ਕਿ ਮੇਲੇ ਤੇ ਜਦੋਂ ਖਾਲਸਾ ਇਕੱਠਾ ਹੋਵੇਗਾ ਤਾਂ ਹਮਲਾ ਕਰਕੇ ਖਾਲਸਾ ਤਬਾਹ ਕਰ ਦਿੱਤਾ ਜਾਵੇਗਾ। ਭਾਈ ਸਾਹਿਬ ਨੂੰ ਇਸ ਵਿਉਂਤ ਦਾ ਪਤਾ ਲੱਗ ਗਿਆ। ਭਾਈ ਸਾਹਿਬ ਜੀ ਨੇ ਸਿੱਖ ਪੰਥ ਨੂੰ ਬਚਾਓ ਖਾਤਰ ਦੁਬਾਰਾ ਚਿੱਠੀਆਂ ਲਿੱਖ ਭੇਜੀਆਂ ਕਿ ਖਾਲਸਾ ਇਕੱਤਰ ਨਾ ਹੋਵੇ। ਭਾਈ ਸਾਹਿਬ ਦੇ ਹੁਕਮ ਅਨੁਸਾਰ ਖਾਲਸਾ ਇਕੱਤਰ ਨਾ ਹੋਇਆ। ਦੀਵਾਲੀ ਤੋਂ ਬਾਅਦ ਜਦੋਂ ਲਾਹੌਰ ਦਰਬਾਰ ਨੇ ਪੈਸੇ ਮੰਗੇ ਤਾਂ ਭਾਈ ਸਾਹਿਬ ਜੀ ਨੇ ਸਪੱਸ਼ਟ ਕਹਿ ਦਿੱਤਾ ਕਿ ਖਾਲਸਾ ਤੁਹਾਡੀ ਚਾਲ ਵਿਚ ਨਹੀਂ ਆਵੇਗਾ। ਇਕ ਪਾਸੇ ਤੁਹਾਡੇ ਦਸਤੇ ਖਾਲਸੇ ਨੂੰ ਖਤਮ ਕਰਨ ਲਈ ਗਸਤ ਕਰਨ ਤੇ ਦੂਜੇ ਪਾਸੇ ਤੁਹਾਨੂੰ ਪੈਸੇ ਦੇਈਏ। ਤੁਹਾਡਾ ਇਹ ਵਾਇਦਾ ਸੀ ਕਿ ਅਸੀਂ ਖਾਲਸੇ ਨੂੰ ਕੁਝ ਵੀ ਨਹੀਂ ਕਹਾਂਗੇ। ਇਸ ਲਈ ਕਾਹਦੇ ਪੈਸੇ ਦੇਈਏ? ਉਨ੍ਹਾਂ ਨੇ ਇਸ ਨੂੰ ਅਪਰਾਧ ਦਾ ਬਹਾਨਾ ਬਣਾ ਕੇ ਭਾਈ ਮਨੀ ਸਿੰਘ ਤੇ ਹੋਰ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਲਾਹੌਰ ਲੈ ਗਏ। ਉਥੇ ਉਨ੍ਹਾਂ ਨੂੰ ਕਿਹਾ ਗਿਆ ਕਿ ਤੁਸੀਂ ਮੁਸਲਮਾਨ ਹੋ ਜਾਓ, ਨਹੀਂ ਤਾਂ ਤੁਹਾਡਾ ਬੰਦ ਬੰਦ ਕੱਟ ਦਿੱਤਾ ਜਾਏਗਾ। ਪਰ ਭਾਈ ਸਾਹਿਬ ਨੇ ਮੁਸਲਮਾਨ ਹੋਣ ਤੋਂ ਇਨਕਾਰ ਕਰ ਦਿੱਤਾ।

ਹੁਣ ਉਹ ਸਮਾਂ ਆ ਗਿਆ ਤੇ ਜਲਾਦ ਨੇ ਭਾਈ ਸਾਹਿਬ ਜੀ ਨੂੰ ਆਖਿਆ 'ਅੱਖਾਂ ਤੇ ਪੱਟੀ ਬੰਨ੍ਹਣੀ ਜੇ?' ਭਾਈ ਸਾਹਿਬ ਕਹਿੰਦੇ, "ਲੋੜ ਨਹੀਂ ਤੂੰ ਆਪਣਾਂ ਕੰਮ ਕਰ।" ਜਦੋਂ ਜੱਲਾਦ ਗੁੱਟ ਤੋਂ ਫੜ ਕੇ ਵੱਢਣ ਲੱਗਾ ਤਾਂ ਭਾਈ ਸਾਹਿਬ ਨੇ ਰੋਕ ਦਿੱਤਾ ਤੇ ਕਿਹਾ, "ਜੱਲਾਦ ਤੈਨੂੰ ਜਾਂ ਤਾਂ ਸਮਝ ਨਹੀਂ ਆਈ ਜਾਂ ਤੂੰ ਆਪਣਾ ਕੰਮ ਭੁੱਲ ਗਿਆ ਹੈਂ, ਤੈਨੂੰ ਤਾਂ ਬੰਦ-ਬੰਦ ਕੱਟਣ ਲਈ ਕਿਹਾ ਹੈ। ਬੰਦ ਗੁਟ ਤੋਂ ਨਹੀਂ ਪੋਟੇ ਤੋਂ ਬਣਦਾ ਹੈ। ਇਸ ਬੰਦ ਤੋਂ ਪਹਿਲਾਂ ਕਿਨੇ ਹੀ ਬੰਦ ਬਣਦੇ ਹਨ, ਇਸ ਲਈ ਪੋਟਿਆਂ ਤੋਂ ਸ਼ੁਰੂ ਕਰ।"

ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ॥ ਇਹ ਕਿਹੜੀ ਅਵਸਥਾ ਹੈ। 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥' ਭਾਈ ਸਾਹਿਬ ਜੀ ਦਾ ਪੋਟਾ-ਪੋਟਾ, ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਜਾ ਰਿਹਾ ਹੈ, ਪਰ ਭਾਈ ਮਨੀ ਸਿੰਘ ਜੀ ਗੁਰੂ ਜੀ ਦੀ ਕ੍ਰਿਪਾ ਸਦਕਾ ਵਾਹਿਗੁਰੂ ਦਾ ਜਾਪ ਸਿਮਰਨ ਕਰਦੇ ਹੋਏ ਅਡੋਲ ਬੈਠੇ ਰਹੇ ਅਤੇ ਮੁੱਖੋਂ ਸੀ ਨਹੀਂ ਉਚਾਰੀ। ਸ਼ਹੀਦੀ ਦਾ ਜਾਮ ਪੀਤਾ ਤੇ ਗੁਰੂ ਦੇ ਚਰਨਾਂ ਸੱਚਖੰਡ ਜਾ ਬਿਰਾਜੇ। ਦੇਖਣ ਵਾਲੇ ਦੰਗ ਰਹਿ ਗਏ! ਇਤਨੀ ਜਬਰਦਸਤ ਅਸਹਿ ਸ਼ਹੀਦੀ! ਧੰਨ ਗੁਰੂ ਤੇ ਧੰਨ ਗੁਰੂ ਦੇ ਪਿਆਰੇ ਸਿੰਘ! ਬੇਮਿਸਾਲ ਕਰਨੀਆ ਕਰ ਕੇ ਸਿੱਖੀ ਨੂੰ ਚੜ੍ਹਦੀਆਂ ਕਲਾ ਵੱਲ ਲੈ ਗਏ। ਕਮਾਲ ਦੀ ਗੱਲ ਆਪ ਤਾਂ ਭਾਈ ਸਾਹਿਬ ਮਨੀ ਸਿੰਘ ਗੁਰੂ ਜੀ ਦੇ ਪਾਏ ਪੂਰਨਿਆਂ ਦੀ ਪਾਲਣਾ ਕਰਦੇ ਹੋਏ ਸ਼ਹੀਦ ਹੋ ਗਏ। ਪਰ ਪਰਿਵਾਰ ਵੀ ਪਿੱਛੇ ਨਹੀਂ ਰਿਹਾ। ਪੜ੍ਹੋ ਇਤਿਹਾਸ ਤਾਂ ਪਤਾ ਲਗਦਾ ਹੈ ਕਿ ਉਹਨਾਂ ਨੂੰ ਕਿਤਨਾ ਪਿਆਰ ਸੀ ਗੁਰੂ ਘਰ ਨਾਲ। ਭਾਈ ਸਾਹਿਬ ਜੀ ਦੇ 12 ਭਰਾ ਹੋਏ ਹਨ, 12 ਦੇ 12 ਭਰਾਵਾਂ ਦੀ ਸ਼ਹੀਦੀ ਹੋਈ, 9 ਪੁੱਤਰ 9 ਦੇ 9 ਸ਼ਹੀਦੀ ਪਾਈ। ਇਨ੍ਹਾਂ ਪੁਤਰਾਂ ਵਿਚੋਂ ਇਕ ਪੁੱਤਰ ਹੋਏ ਬੱਚਿਤਰ ਸਿੰਘ, ਦੂਜਾ ਪੁੱਤਰ ਉਦੈ ਸਿੰਘ, ਜਿਸਨੇ ਪਹਾੜੀ ਹਿੰਦੂ ਰਾਜੇ ਦਾ ਸਿਰ, ਜੋ ਕਿ ਗੁਰੂ ਤੇ ਹਮਲਾ ਕਰਨ ਆਇਆ ਸੀ, ਸ੍ਰੀ ਸਾਹਿਬ ਨਾਲ ਕੱਟ ਕੇ, ਗੁਰੂ ਜੀ ਦੇ ਦਰਬਾਰ ਵਿੱਚ ਪੇਸ਼ ਕੀਤਾ। 14 ਪੋਤਰੇ ਉਹ ਵੀ ਸ਼ਹੀਦ। ਭਾਈ ਮਨੀ ਸਿੰਘ ਜੀ ਦੇ 13 ਭਤੀਜੇ ਉਹ ਵੀ ਸ਼ਹੀਦ। 9 ਚਾਚੇ, ਓਹ ਵੀ ਸ਼ਹੀਦ, ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਨਾਲ ਜਦੋਂ ਅੰਮ੍ਰਿਤਸਰ ਲੋਹਗੜ ਦੀ ਜੰਗ ਹੋਈ, ਜੰਗ ਵਿਚ ਲੜਾਈ ਕਰਦੇ ਸ਼ਹੀਦੀ ਹੋਏ ਸਨ। ਇਨ੍ਹਾਂ ਦੇ ਦਾਦਾ ਜੀ ਅਤੇ ਦਾਦਾ ਜੀ ਦੇ 5 ਭਰਾ ਵੀ ਸ਼ਹੀਦ ਹੋ ਗਏ। ਲੱਖੀ ਸ਼ਾਹ ਵਣਜਾਰਾ ਜਿਸ ਨੇ ਦਿੱਲੀ ਵਿਚ ਨੌਵੇਂ ਪਾਤਸ਼ਾਹ ਜੀ ਦੇ ਧੜ ਦਾ ਅੰਤਿਮ ਸੰਸਕਾਰ ਆਪਣੇ ਘਰ ਲੈ ਜਾ ਕੇ ਕੀਤਾ ਸੀ ਤਾਕਿ ਇਹ ਸਚਾ-ਸੁੱਚਾ ਪਵਿੱਤਰ ਸ਼ਰੀਰ ਕਿਸੇ ਪਾਪੀ ਦੇ ਹੱਥ ਨਾ ਲੱਗੇ। ਭਾਈ ਮਨੀ ਸਿੰਘ ਜੀ

ਦੇ ਸਹੁਰਾ ਸਾਹਿਬ ਵੀ ਸ਼ਹੀਦ ਹੋਏ ਸਨ।

ਐਸੇ ਹਨ ਗੁਰੂ ਜੀ ਦੇ ਪਿਆਰੇ ਅਤੇ ਸਿਦਕੀ ਸਿੱਖ ਜੋ ਕਿ ਅਪਣੇ ਅਤੇ ਆਪਣੇ ਪਿਆਰੇ ਪਰੀਵਾਰ ਨੂੰ ਗੁਰੂ ਤੋਂ ਕੁਰਬਾਨ ਕਰ ਦਿੰਦੇ ਹਨ। ਸਾਨੂੰ ਵੀ ਇਨ੍ਹਾਂ ਸਿੱਖਾਂ ਤੋਂ ਸੇਧ ਲੈਣੀ ਚਾਹੀਦੀ ਹੈ। ਸਾਡੇ ਲਈ ਤਾਂ ਇਤਨਾ ਹੀ ਬਹੁਤ ਹੈ ਕਿ ਅਸੀਂ ਅੱਜ ਦੇ ਵਕਤ ਮੁਤਾਬਿਕ ਬਾਣੇ ਤੇ ਬਾਣੀ ਨਾਲ ਜੁੜੀਏ ਕਿਉਂਕਿ ਨਾਸਤਿਕਤਾ, ਫੈਸ਼ਨ ਆਦਿ ਦਾ ਜਮਾਨਾ ਹੈ ਅਤੇ ਮਾਇਆ ਦਾ ਪ੍ਰਭਾਵ ਹੈ। ਗੁਰੂ ਜੀ ਅੱਗੇ ਅਰਦਾਸ ਹੀ ਕਰ ਸਕਦਾ ਹਾਂ ਕਿ ਸਭਨਾਂ ਨੂੰ ਆਪਣੇ ਚਰਣਾਂ ਨਾਲ ਲਾਈ ਰੱਖਣ ਜੀ।

ਭੁੱਲ ਚੁੱਕ ਮਾਫ।

---

*(ਪੰਨਾ 32 ਦੀ ਬਾਕੀ)*

ਵਧੇ। ਜਾਂ ਫਿਰ, ਜੋ ਅੰਦਰੋਂ ਦੋਸ਼ੀ ਹੁੰਦਾ ਹੈ, ਉਹ ਬਹੁਤ ਜਿਆਦਾ ਨਿਉਂਦਾ ਹੈ। ਅਸਲ ਨਿਮ੍ਰਤਾ ਤਾਂ ਮਨ ਦੀ ਹੁੰਦੀ ਹੈ, ਸਿਜਦਿਆਂ ਦੀ ਨਹੀਂ। ਇਸੇ ਲਈ ਸਿੱਖੀ ਵਿਚ ਮਨ ਨੀਵਾਂ ਰੱਖਣ ਦਾ ਆਦੇਸ਼ ਹੈ, ਤੇ ਮਤ ਉੱਚੀ।

## ਮਤਿ ਉੱਚੀ

ਮਨ ਦੀ ਮਤਿ ਤਾਂ ਨੀਵੀਂ ਮਤਿ ਹੈ, ਅਲਪ ਮਤ ਹੈ? ਪੱਖੋ ਮਤਿ ਹੈ, ਅਲੂਣੀ ਮਤਿ ਹੈ, ਮਲੀਣ ਮਤਿ ਹੈ। ਇਸ ਨੂੰ ਅਹੰ-ਮਤ ਵੀ ਆਖਿਆ ਹੈ।

ਇਸ ਦੇ ਟਾਕਰੇ ਉੱਚੀ ਅਥਵਾ ਉੱਤਮ ਮਤਿ ਹੈ। ਇਸੇ ਨੂੰ ਨਿਰਮਲ ਮਤਿ, ਗੂੜੀ ਮਤਿ ਵੀ ਆਖਿਆ ਹੈ। ਏਹੋ ਗੁਰੂ ਕੀ ਮਤਿ ਹੈ, ਏਹੋ ਬਿਬੇਕ ਬੁੱਧੀ ਹੈ।

ਨੀਵੀਂ ਮਤਿ ਪਦਾਰਥਕ ਹੈ, ਉੱਚੀ ਮਤਿ ਪਰਮਾਰਥਕ। ਨੀਵੀਂ, ਧਾਤ ਦੀ ਮਤਿ ਹੈ, ਉੱਚੀ ਲਿਵ ਦੀ। ਨੀਵੀਂ ਮਤਿ ਸਦਾ ਡੰਡਦੀ ਫਿਰਦੀ ਹੈ, ਉੱਚੀ ਸਦਾ ਥਿਰ ਰਹਿੰਦੀ ਹੈ। ਉੱਚੀ ਮਤਿ ਵਾਲੀ ਅਰਦਾਸ ਤਾਂ ਕੁਝ ਇੰਜ ਦੀ ਯਾਚਨਾ ਕਰਦੀ ਹੈ -

***ਐਸੀ ਮਤਿ ਦੀਜੈ ਮੇਰੇ ਠਾਕੁਰ ਸਦਾ ਸਦਾ ਤੁਧੁ ਧਿਆਈ।***
***ਅੰਗ - ੬੭੩***

ਉੱਚੀ ਮਤਿ ਵਿਦਵਤਾ ਨਾਲ ਨਹੀਂ ਪ੍ਰਾਪਤ ਹੁੰਦੀ, ਲੋਕਾਚਾਰ ਨਾਲ ਨਹੀਂ ਪ੍ਰਾਪਤ ਹੁੰਦੀ, ਨ ਹੀ ਤਰਕ ਨਾਲ ਪ੍ਰਾਪਤ ਹੁੰਦੀ ਹੈ। ਇਹ ਤਾਂ ਸ਼ਰਧਾ ਨਾਲ ਪ੍ਰਾਪਤ ਹੁੰਦੀ ਹੈ, ਬੈਰਾਗ ਨਾਲ ਪ੍ਰਾਪਤ ਹੁੰਦੀ ਹੈ, ਕੁਰਬਾਨੀ ਨਾਲ ਪ੍ਰਾਪਤ ਹੁੰਦੀ ਹੈ। ਨੀਵੀਂ ਮਤਿ ਈਰਖਾਲੂ ਹੁੰਦੀ ਹੈ, ਉੱਚੀ ਮਤਿ ਉਦਾਰ। ਉਹ ਤਾਂ ਪਿਆਰ ਕਰਦੀ ਹੈ। ਸਮੁੱਚੀ ਮਾਨਵਤਾ ਦਾ ਹਿੱਤ ਇਸ ਅੰਦਰ ਵਿਚਰਦਾ ਹੈ।

ਇਹ ਗੁਰ-ਉਪਦੇਸ਼ ਗ੍ਰਹਿਣ ਕਰਨ ਵਾਲੀ ਮਤਿ ਹੈ- ਅਤੇ ਗੁਰੂ ਦਾ ਉਪਦੇਸ਼ ਸੁਣਿਆਂ ਮਤਿ ਵਿਚ ਅਨੇਕਾਂ ਕੀਮਤੀ ਆਤਮਕ ਖ਼ਜ਼ਾਨੇ ਸੁਤੇ ਸਿੱਧ ਪਰਗਟ ਆਣ ਹੋਂਦੇ ਹਨ -

***ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ। ਅੰਗ - ੨੫੩***

ਜਿਨ੍ਹਾਂ ਦੇ ਮਨ ਅੰਦਰ ਗੁਰੂ ਦਾ ਉਪਦੇਸ਼ ਵਸ ਜਾਂਦਾ ਹੈ, ਉਹੀ ਪੂਰੀ ਮਤਿ ਵਾਲੇ ਪਰਧਾਨ ਹੁੰਦੇ ਹਨ। ਇਸੇ ਉੱਚੀ ਮਤਿ ਰਾਹੀਂ ਵਾਹਿਗੁਰੂ ਦੀ ਨਦਰ ਅਤੇ ਕਿਰਪਾ ਦੇ ਪਾਤਰ ਬਣ ਸਕੀਦਾ ਹੈ। ਇਸੇ ਰਾਹੀਂ ਹਰੀ-ਸਿਮਰਨ ਪ੍ਰਾਪਤ ਹੁੰਦਾ ਹੈ, ਇਸੇ ਰਾਹੀਂ ਹਰੀ-ਜਸ। ਇਸ ਲਈ ਗੁਰਦੇਵ ਕਹਿੰਦੇ ਹਨ, ਜੋ ਕੋਈ ਨੀਵੀਂ ਮਤਿ ਛੁੜਾਵੇ ਤੇ ਉੱਚੀ ਮਤ ਗ੍ਰਹਿਣ ਕਰਾਵੇ, ਮੈਂ ਉਸ ਦੇ ਚਰਨ ਪਖਾਲ ਕੇ ਪੀਣਾ ਚਾਹਾਂਗਾ।

ਮਤਿ ਉੱਚੀ ਤਦੇ ਹੁੰਦੀ ਹੈ ਜੋ ਉਸ ਨੂੰ ਵਾਹਿਗੁਰੂ ਦੀ ਰਾਖੀ ਨਸੀਬ ਹੋਵੇ। ਜੇਕਰ ਸਾਡੀ ਮਤਿ ਦਾ ਰਾਖਾ ਵਾਹਿਗੁਰੂ ਨ ਹੋਵੇ ਤਾਂ ਉਹ ਕੱਚੀ ਪਿੱਲੀ ਹੀ ਰਹਿੰਦੀ ਹੈ। ਕੱਚੇ ਰਾਜ-ਮਿਸਤਰੀ ਵਾਂਗਰ ਉਹ ਜੋ ਵੀ ਜੀਵਨ-ਕੰਧ ਸਾਡੇ ਲਈ ਉਸਾਰਦੀ ਹੈ, ਉਹ ਵੀ ਕੱਚੀ ਹੀ ਰਹਿੰਦੀ ਹੈ। ਐਸੀ ਮਤਿ, ਜਿਸ ਅੰਦਰ ਵਾਹਿਗੁਰੂ ਦਾ ਪ੍ਰੇਮ ਨਹੀਂ, ਅਤਿ ਬੇਸੁਆਦੀ, ਅਲੂਣੀ ਮਤਿ ਹੈ। ਮਤਿ ਤਾਂ ਓਹ ਰਾਸ ਹੁੰਦੀ ਹੈ ਜਿਸ ਨੂੰ ਵਾਹਿਗੁਰੂ ਆਪ ਸੁਆਰੇ।

ਸਾਡੀ ਬੁੱਧੀ ਤਾਂ ਕਦੇ ਵੀ ਭ੍ਰਿਸ਼ਟ ਹੋ ਸਕਦੀ ਹੈ; ਜਿਸ ਦਾ ਮਾਣ ਨਹੀਂ ਕੀਤਾ ਜਾ ਸਕਦਾ। ਇਸ ਲਈ ਉਸ ਦੀ ਰੱਖਿਆ ਸਦਾ ਵਾਹਿਗੁਰੂ ਜੀ ਪਾਸੋਂ ਮੰਗਣੀ ਬਣਦੀ ਹੈ। ਚੰਗੀ ਮੰਦੀ ਹਰ ਤਰ੍ਹਾਂ ਦੀ ਮਤਿ ਦਾ ਮਾਲਕ ਆਪ ਵਾਹਿਗੁਰੂ ਹੀ ਹੈ। ਇਸ ਲਈ ਏਹੋ ਅਰਦਾਸ ਕਰਨੀ ਬਣ ਆਉਂਦੀ ਹੈ ਕਿ -

ਮਨ ਨੀਵਾਂ, ਮਤ ਉੱਚੀ, ਮਤਿ ਦਾ ਰਾਖਾ ਆਪ ਅਕਾਲ ਪੁਰਖ ਵਾਹਿਗੁਰੂ!

## ਸਹਾਇਤਾ ਆਤਮ ਰੰਗ ਅਪ੍ਰੈਲ 2024 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ, ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ, ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਪਤ ਸੇਵਾ, ਸ੍ਰੀ ਅਨੰਦਪੁਰ ਸਾਹਿਬ ਸਮਾਗਮ ਤੇ | 1,100.00 |
| ◆ ਗੁਪਤ ਸੇਵਾ, ਸ੍ਰੀ ਅਨੰਦਪੁਰ ਸਾਹਿਬ ਸਮਾਗਮ ਤੇ | 1,000.00 |
| ◆ ਅਖੰਡ ਕੀਰਤਨੀ ਜੱਥਾ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਸਮਾਗਮ ਤੇ | 5,100.00 |
| ◆ ਅਖੰਡ ਕੀਰਤਨੀ ਜੱਥਾ, ਮੋਗਾ, ਮੋਗਾ ਸਮਾਗਮ ਤੇ | 5,000.00 |
| ◆ ਭਾਈ ਪਰਮਿੰਦਰ ਸਿੰਘ ਜੀ ਮੋਗਾ/ਸ਼ਿਕਾਗੋ | 3,100.00 |
| ◆ ਭਾਈ ਸਤਨਾਮ ਸਿੰਘ ਜੀ, ਸੰਨੀ ਇੰਨਕਲੇਵ | 10,000.00 |
| ◆ ਬੀਬੀ ਬਲਬੀਰ ਕੌਰ ਜੀ, ਕੈਨੇਡਾ | 20,000.00 |
| **ਕੁਲ ਜੋੜ** | **65,300.00** |

## Statement of Income & Expenditure for the Month of April, 2024 of *Atam Rang*

| | |
|---|---|
| 1. M/s Jai Offset Printers | 32,000.00 |
| 2. Cost of Service Stamps | 12,600.00 |
| 3. Cost of envelops & Printing | 12,000.00 |
| 4. Cost of Sticker & Printing | 4,000.00 |
| **Total Expenditure** | **60,600.00** |
| **upto 30.04.2024** | |
| Donation | 65,300.00 |
| Membership | 600.00 |
| Sale of Books at Anandpur Sahib | 4,660.00 |
| Cash in hand | 1,557.00 |
| **Total Income** | **72,117.00** |
| **Expenditure** | **60,600.00** |
| **Income** | **72,117.00** |
| **Difference (Cash in hand)** | **11,517.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 14 ਮਈ |
| ਪੂਰਨਮਾਸ਼ੀ | 23 ਮਈ |
| ਮੱਸਿਆ | 8 ਮਈ |
| ਪੰਚਮੀ | 12 ਮਈ |
| ਪ੍ਰਕਾਸ਼ ਸ੍ਰੀ ਗੁਰੂ ਅੰਗਦ ਦੇਵ ਜੀ | 9 ਮਈ |
| ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ | 22 ਮਈ |
| ਗੁਰਗੱਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 31 ਮਈ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

### ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਹਿ”

**ਸ਼ਹੀਦਾ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ**

**ਦੇ ਸ਼ਹੀਦੀ ਪੁਰਬ ਦੇ ਸੰਬੰਧ ਵਿੱਚ**

# ਸਾਲਾਨਾ ਅਖੰਡ ਕੀਰਤਨ ਸਮਾਗਮ

**7 ਜੂਨ, 2024 ਸ਼ੁਕਰਵਾਰ ਸ਼ਾਮ ਤੋਂ 11 ਜੂਨ 2024 ਮੰਗਲਵਾਰ ਤੱਕ**
**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ ਹੋਣਗੇ।**

ਗੁਰੂ ਰੂਪ ਸਾਧ ਸੰਗਤ ਜੀਓ,

ਸ਼ਹੀਦਾ ਦੇ ਸਿਰਤਾਜ, ਸ਼ਾਤੀ ਤੇ ਪੁੰਜ, ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਸਲਾਨਾ ਅਖੰਡ ਕੀਰਤਨ ਸਮਾਗਮ, ਸਰਬ ਹਿੰਦ ਅਖੰਡ ਕੀਰਤਨੀ ਜੱਥਿਆਂ ਵਲੋਂ ਅਤੇ ਲੋਕਲ ਸਭਾ ਸੁਸਾਇਟੀਆਂ ਦੇ ਸਹਿਯੋਗ ਨਾਲ 7 ਜੂਨ 2024 ਸ਼ੁਕਰਵਾਰ ਤੋਂ 11 ਜੂਨ 2024 ਮੰਗਲਵਾਰ ਸਵੇਰੇ ਤੱਕ ਹੇਠ ਦਰਸਾਏ ਪ੍ਰੋਗਰਾਮ ਅਨੁਸਾਰ **ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ ਵਿਖੇ,** ਬਹੁਤ ਹੀ ਪਿਆਰ ਅਤੇ ਸ਼ਰਧਾ ਨਾਲ ਮਨਾਏ ਜਾ ਰਹੇ ਹਨ। ਸਮੂਹ ਸੰਗਤਾਂ ਨੂੰ ਸਨਿਮਰ ਜੋਦੜੀ ਹੈ ਕਿ ਸਾਰੇ ਸਮਾਗਮ ਵਿੱਚ ਹਾਜਰੀਆਂ ਭਰਕੇ ਕੀਰਤਨ ਦੇ ਲਾਹੇ ਲੈਣੇ ਜੀਓ ਅਤੇ ਮਨ ਤਨ ਧਨ ਨਾਲ ਸੇਵਾ ਕਰਕੇ ਗੁਰੂ ਸਾਹਿਬ ਜੀ ਦੀਆਂ ਅਸੀਸਾਂ ਲੈਣੀਆਂ ਜੀ।

## ਪ੍ਰੋਗਰਾਮ

**7 ਜੂਨ 2024 ਦਿਨ ਸ਼ੁਕਰਵਾਰ**

ਸ਼ਾਮ 7:00 ਤੋਂ 9:00 ਵਜੇ ਤੱਕ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਵਿਖੇ ਹੋਣਗੇ।

**8 ਜੂਨ 2024 ਦਿਨ ਸ਼ਨੀਵਾਰ**

ਸਵੇਰੇ 5:00 ਤੋਂ 7:00 ਵਜੇ ਤੱਕ ਅਖੰਡ ਕੀਰਤਨ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਵਿਖੇ ਹੋਣਗੇ।

**8 ਜੂਨ 2024 ਦਿਨ ਸ਼ਨੀਵਾਰ ਸ਼ਾਮ 3:00 ਵਜੇ ਨਗਰ ਕੀਰਤਨ ਆਰੰਭ ਹੋਣਗੇ**
**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਤੋਂ**

**9 ਜੂਨ 2024 ਦਿਨ ਐਤਵਾਰ ਸਵੇਰ ਅਤੇ ਸ਼ਾਮ ਅਖੰਡ ਪਾਠ ਸਾਹਿਬ ਸਰਵਣ ਕਰੋ ਜੀ।**

10 ਜੂਨ 2024 ਦਿਨ ਸੋਮਵਾਰ
ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ
ਉਪਰੰਤ ਦਿਵਸ ਸੁਹੇਲਾ
ਦੁਪਿਹਰ 2:00 ਵਜੇ ਤੱਕ

## ਕੀਰਤਨ ਰੈਣ ਸਬਾਈ

10 ਜੂਨ 2024 ਦਿਨ ਸੋਮਵਾਰ
ਸ਼ਾਮ 7:00 ਵਜੇ ਸੋਦਰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਆਰੰਭ ਹੋਕੇ
11 ਜੂਨ 2024 ਦਿਨ ਮੰਗਲਵਾਰ ਸਵੇਰੇ 4:00 ਵਜੇ ਸਮਾਪਤੀ ਹੋਵੇਗੀ।



## ਅੰਮ੍ਰਿਤ ਸੰਚਾਰ

10 ਜੂਨ 2024 ਦਿਨ ਸੋਮਵਾਰ
ਰਾਤ 8:00 ਵਜੇ
ਗੁਰਦੁਆਰਾ ਧਰਮਸ਼ਾਲਾ ਪ੍ਰੇਮਗੜ੍ਹ ਵਿਖੇ ਆਰੰਭ ਹੋਣਗੇ।

## ਜਰੂਰੀ ਬੇਨਤੀਆਂ

1) ਲੰਗਰ ਅਤੇ ਰਿਹਾਇਸ਼ ਦਾ ਸਾਰਾ ਪ੍ਰਬੰਧ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ ਵਿਖੇ ਹੋਵੇਗਾ ਜੀ।
2) ਅਨੰਦ ਕਾਰਜ ਕਰਵਾਉਣ ਵਾਲੇ ਜੋੜਿਆਂ ਵਾਲੇ ਪਰਿਵਾਰ ਪਹਿਲਾਂ ਸੂਚਿਤ ਕਰਨ ਜੀ।
3) ਕੋਈ ਵੀ ਸੱਜਣ ਪ੍ਰਬੰਧ ਵਿੱਚ ਦਖਲ ਅੰਦਾਜੀ ਕਰਨ ਦੀ ਖੇਚਲ ਨਾ ਕਰੇ ਜੀ।

**ਦਾਸਰੇ: ਅਖੰਡ ਕੀਰਤਨੀ ਜੱਥਾ, ਹੁਸ਼ਿਆਰਪੁਰ**

**ਮੋਬਾਇਲ ਨੰ. 98151-31079 ਅਤੇ 99884-41535, ਫੋਨ ਨੰ. 01882-230345**
**ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਰੇਲਵੇ ਰੋਡ, ਹੁਸ਼ਿਆਰਪੁਰ।**

# ਅਖੰਡਕੀਰਤਨਸਮਾਗਮ
# ਕੀਰਤਨਰੈਣਸਬਾਈ

**ਸ੍ਰੀ ਗੁਰਦੁਆਰਾ ਸਾਹਿਬ ਤੰਬੂ ਸਾਹਿਬ, ਸ੍ਰੀ ਮੁਕਤਸਰ ਸਾਹਿਬ ਵਿਖੇ ਕੀਰਤਨ ਰੈਣ ਸਬਾਈ ਮਿਤੀ 11-05-2024 ਦਿਨ ਸ਼ਨੀਵਾਰ ਨੂੰ ਸ਼ਾਮ 7 ਵਜੇ ਤੋਂ 12-05-2024 ਸਵੇਰੇ ਤੱਕ ਅਖੰਡ ਕੀਰਤਨ ਸਮਾਗਮ ਹੋਵੇਗਾ**

ਦਸ ਗੁਰੂ ਸਾਹਿਬਨ ਦੇ ਇਸ ਸੰਸਾਰ ਤੇ ਆਗਮਨ ਦਾ ਅੰਤਮ ਉਦੇਸ਼ ਸਮੁੱਚੀ ਲੋਕਾਈ ਅਤੇ ਵਿਸ਼ਵ ਭਾਈਚਾਰੇ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਕਰਵਾਉਣਾ ਸੀ । ਸਾਹਿਬ-ਏ-ਕਮਾਲ ਸੰਤ-ਸਿਪਾਹੀ, ਸਰਬੰਸਦਾਨੀ, ਦੁਸ਼ਟ-ਦਮਨ, ਅਕਾਲੀ ਫੌਜਾਂ ਬਾਜਾਂ ਦੇ ਮਾਲਕ ਨੀਲੇ ਦੇ ਸ਼ਾਹ ਸਵਾਰ ਚਤਰ ਚਕਰ ਵਰਤੀ ਚੌਜੀ ਖੜਗੇਸ਼ ਪੁਰਖ ਭਗਵੰਤ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਇਸੇ ਉਦੇਸ਼ ਦੀ ਪੂਰਤੀ ਲਈ ਉਸ ਸਮੇਂ ਦੀ ਜਾਲਮ ਹਕੂਮਤ ਮੁਗਲੀਆ ਸਲਤਨਤ ਦੀਆਂ ਜੜ੍ਹਾਂ ਪੱਟ ਦਿੱਤੀਆਂ ।

ਪੁਰਾਤਨ ਅਤੇ ਵਰਤਮਾਨ ਸ਼ਹੀਦ ਸਿੰਘਾਂ ਸਿੰਘਣੀਆਂ ਅਤੇ 40 ਮੁਕਤਿਆਂ (1) ਭਾਈ ਸ਼ਮੀਰ ਸਿੰਘ (2) ਭਾਈ ਸਰਜਾ ਸਿੰਘ( 3)ਭ ਾ:ਸ ਾਧੂ ਸੰਘ( 4)ਭ ਾ:ਸ ੁਹੇਲ ਸੰਘ( 5)ਭ ਾ:ਸ ੁਲਤਾਨ ਸੰਘ( 6)ਭ ਾ:ਸ ੋਭਾ ਸੰਘ( 7)ਭ ਾ:ਸ ੰਤ ਸੰਘ (8) ਭਾ: ਹਰਸਾ ਸਿੰਘ (9) ਭਾ: ਹਰੀ ਸਿੰਘ (10) ਭਾ: ਕਰਨ ਸਿੰਘ (11) ਭਾ: ਕਰਮ ਸਿੰਘ (12) ਭਾ: ਕਾਲਾ ਸਿੰਘ (13) ਭਾ : ਕੀਰਤ ਸਿੰਘ (14) ਭਾ: ਕਿਰਪਾਲ ਸਿੰਘ (15) ਭਾ: ਖੁਸ਼ਹਾਲ ਸਿੰਘ (16) ਭਾ: ਗੁਲਾਬ ਸਿੰਘ (17) ਭਾ: ਗੰਗਾ ਸਿੰਘ (18) ਭਾ: ਗੰਡਾ ਸਿੰਘ (19) ਭਾ: ਘਰਬਾਰਾ ਸਿੰਘ (20) ਭਾ: ਚੰਬਾ ਸਿੰਘ (21) ਭਾ: ਜਾਦੋ ਸਿੰਘ (22) ਭਾ: ਜੋਗਾ ਸਿੰਘ (23) ਭਾ: ਜੰਗ ਸਿੰਘ (24) ਭਾ: ਦਯਾਲ ਸਿੰਘ (25) ਭਾ: ਦਿਲਬਾਗ ਸਿੰਘ (26) ਭਾ: ਦਰਬਾਰਾ ਸਿੰਘ (27) ਭਾ: ਧਰਮ ਸਿੰਘ(28)ਭਾ:ਧੰਨਾਸਿੰਘ(29)ਭਾ:ਨਿਹਾਲ ਸਿੰਘ(30)ਭਾ:ਨਿਧਾਨਸਿੰਘ(31)ਭਾ:ਬੂੜਸਿੰਘ (32)ਭਾ:ਭਾਗ ਸਿੰਘ (33) ਭਾ: ਭੋਲਾ ਸਿੰਘ (34) ਭਾ: ਭੰਗਾ ਸਿੰਘ (35) ਭਾ: ਮਹਾਂ ਸਿੰਘ ਜੱਥੇਦਾਰ (36) ਭਾ: ਮੱਜਾ ਸਿੰਘ (37) ਭਾ: ਮਾਨ ਸਿੰਘ (38) ਭਾ: ਮੈਯਾ ਸਿੰਘ (39) ਭਾ: ਰਾਇ ਸਿੰਘ (40) ਭਾ: ਲਛਮਣ ਸਿੰਘ ਜੀ ਅਤੇ ਧੰਨ ਧੰਨ ਮਾਤਾ ਭਾਗ ਕੌਰ ਜੀ ਦੀ ਅਗਵਾਈ ਹੇਠ ਕੀਤੀ ਕੁਰਬਾਨੀ ਦੀ ਯਾਦ ਵਿੱਚ ਬਾਹਰੋ ਆ ਰਹੇ ਜਿਸ ਵਿੱਚ ਸੱਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜੱਥੇ ਅਤੇ ਹਜੂਰੀ ਰਾਗੀ ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਪੁੱਜ ਕੇ ਅਖੰਡ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ । ਅਖੰਡ ਕੀਰਤਨੀ ਜੱਥਿਆਂ ਵੱਲੋਂ ਮਿਤੀ 11-05-2024 ਸ੍ਰੀ ਗੁਰਦੁਆਰਾ ਤੰਬੂ ਸਾਹਿਬ ਵਿਖੇ ਸ਼ਾਮ ਦੇ 7 ਵਜੇ ਤੋਂ ਮਿਤੀ 12-05-2024 ਸਵੇਰ ਤੱਕ ਅਖੰਡ ਕੀਰਤਨ ਸਮਾਗਮ ਸਮਾਪਤ ਹੋਣਗੇ । ਦੋਇ ਕਰ ਜੋੜ ਬੇਨਤੀ ਹੈ ਕਿ ਸਮਾਗਮ ਦੀਆਂ ਹਾਜ਼ਰੀਆਂ ਭਰਕੇ ਆਪਣਾ ਜਨਮ ਸਫਲਾ ਕਰੋ ਜੀ ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ ।**

**ਸਹਿਯੋਗੀਧਾਰਮਿਕਸੰਸਥਾਵਾਂ:-ਸਮੂਹਸ੍ਰੀਸੁਖਮਨੀਸਾਹਿਬਸੁਸਾਇਟੀਆਂ,ਜੱਥਾਬਾਬਾਬਿਧੀਚੰਦਜੀਛਾਉਣੀ**

**ਜਬਹਮਰੇਦਰਸ਼ਨਕੋਆਵਉਬਨਸੁਚੇਤਤਨਸ਼ਸਤਰਸਜਾਵੋ** ਪਾ:੧੦

ਜਰੂਰੀਬੇਨਤੀ-ਕੀਰਤਨਸਮਾਗਮਾਂਤੇਗੁਰੂਦੇਬਾਣੇਵਿੱਚਕਿਰਪਾਨਉਪਰੋਂਸਜਾਕੇਆਓਜੀ।

ਸਮੂਹਖਾਲਸਾਪੰਥਅਤੇਸਾਧਸੰਗਤਦੀਚਰਨਧੂੜੀਲੋਚਦੇਹੋਏ

ਹੈੱਡ ਗ੍ਰੰਥੀ ਭਾਈ ਬਲਵਿੰਦਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਟੁੱਟੀ ਗੰਢੀ ਸਾਹਿਬ

ਦਾਸ : ਮੈਨੇਜਰ ਸ੍ਰੀ ਦਰਬਾਰ ਸਾਹਿਬ
ਸ੍ਰੀ ਮੁਕਤਸਰ ਸਾਹਿਬ

ਸੰਗਤਾਂ ਦਾ ਦਾਸ :- ਇੰਟਰਨੈਸ਼ਨਲ ਅਖੰਡ ਕੀਰਤਨੀ ਜੱਥਾ
ਸ੍ਰੀ ਮੁਕਤਸਰ ਸਾਹਿਬ

**ਫੋਨ: 94636-47265,98552-23498,94649-56675, 94171-76032**

ਫਾਗਨ ਪ੍ਰੈਸ ਮੁਕਤਸਰ 98145-73290

## ਸਾਲਾਨਾ ਅਖੰਡ ਕੀਰਤਨ ਸਮਾਗਮ

ਹਰ ਸਾਲ ਦੀ ਤਰ੍ਹਾਂ ਪੰਜਵੇਂ ਗੁਰੂ
ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ
ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ

## ਰੈਣਿ ਸਬਾਈ ਕੀਰਤਨ ਅਤੇ ਦਿਵਸ ਸੁਹੇਲਾ

### ਪ੍ਰੋਗਰਾਮ

1. ਅਖੰਡ ਪਾਠ ਸਾਹਿਬ ਦੀ ਆਰੰਭਤਾ 2 ਮਈ ਦਿਨ ਵੀਰਵਾਰ ਸਵੇਰੇ ।
2. ਭੋਗ ਸ੍ਰੀ ਅਖੰਡ ਪਾਠ ਸਾਹਿਬ 4 ਮਈ ਸਵੇਰੇ ।
3. ਕੀਰਤਨ ਦਿਵਸ ਸੁਹੇਲਾ, ਗੁਰ: ਲਕੀਰ ਸਾਹਿਬ, ਤਰਨ ਤਾਰਨ ਸਵੇਰੇ 8 ਵਜੇ ਤੋਂ 1 ਵਜੇ ਤੱਕ ।
4. ਰੈਣਿ ਸਬਾਈ ਕੀਰਤਨ ਕਥਾ ਅਸਥਾਨ ਸ੍ਰੀ ਦਰਬਾਰ ਸਾਹਿਬ, ਤਰਨ ਤਾਰਨ 4 ਮਈ 2024 ਦਿਨ ਸ਼ਨੀਵਾਰ ਸ਼ਾਮ ਨੂੰ ਸੋਦਰੁ ਤੋ ਬਾਅਦ ।
5. ਸਮਾਪਤੀ 5 ਮਈ ਨੂੰ ਅੰਮ੍ਰਿਤ ਵੇਲੇ ।

**ਆਪ ਸਭ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ ਆਪ ਆਪਣੇ ਪਰਿਵਾਰਾਂ, ਸੰਗੀਆਂ ਸਾਥੀਆਂ ਅਤੇ ਜੱਥਿਆਂ ਸਮੇਤ ਆਇ ਦੀਦਾਰੇ ਬਖਸ਼ੋ ਜੀ ।**

**ਗੁਰੂ ਕਾ ਲੰਗਰ ਰਾਮਗੜ੍ਹੀਆ ਬੁੰਗਾ ਵਿਖੇ ਅਤੁੱਟ ਵਰਤੇਗਾ ।**

**ਸਹਿਯੋਗ: ਸ਼੍ਰੋ: ਗੁ: ਪ੍ਰ: ਕਮੇਟੀ, ਮੈਨੇਜਰ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ।**

**ਦਾਸਰੇ:- ਅਖੰਡ ਕੀਰਤਨੀ ਜੱਥਾ ਤਰਨ ਤਾਰਨ**

ਸੰਪਰਕ ਨੰ: 98760-79024, 97798-60435, 99152-17632, 70094-91030

ਗੁਰਸਿਖਾਂਅੰਦਰਿਸਤਿਗੁਰੂਵਰਤੈਜੋਸਿਖਾਂਨੋਲੋਚੈਸੋਗੁਰਖੁਸੀਆਵੈ॥



ਰੰਗਲੇ ਸੱਜਣ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਉਨ੍ਹਾਂ ਦੇ ਸੰਗੀ ਸਾਥੀ
ਪੁਰਾਤਨ ਗੁਰਸਿਖਾਂ ਦੀ ਪਿਆਰੀ, ਨਿੱਘੀ, ਮਿੱਠੀ ਯਾਦ ਵਿੱਚ
ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਰਾਜੌਰੀ ਗਾਰਡਨ ਦੇ ਸਹਿਯੋਗ ਨਾਲ

# ਸਾਲਾਨਾ ਅਖੰਡ ਕੀਰਤਨ ਸਮਾਗਮ

## 16 ਮਈ ਵੀਰਵਾਰ ਤੋਂ 19 ਮਈ ਐਤਵਾਰ 2024

| | |
|---|---|
| **16** ਮਈ ਵੀਰਵਾਰ | **ਗੁਰੂ ਨਾਨਕ ਪਬਲਿਕ ਸਕੂਲ, ਰਾਜੌਰੀ ਗਾਰਡਨ**<br>ਕੀਰਤਨ ਆਸਾ ਦੀ ਵਾਰ ਸਵੇਰੇ 5 ਵਜੇ ਤੋਂ 8 ਵਜੇ ਤਕ<br>ਉਪਰੰਤ ਅਰੰਭਤਾ ਸ਼੍ਰੀ ਅਖੰਡ ਪਾਠ ਸਾਹਿਬ<br>**ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਰਾਜੌਰੀ ਗਾਰਡਨ**<br>ਅਖੰਡ ਕੀਰਤਨ ਸਮਾਗਮ ਸ਼ਾਮ 7 ਵਜੇ ਤੋਂ 10 ਵਜੇ ਤਕ |
| **17** ਮਈ ਸ਼ੁੱਕਰਵਾਰ | **ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਰਾਜੌਰੀ ਗਾਰਡਨ**<br>ਕੀਰਤਨ ਆਸਾ ਦੀ ਵਾਰ ਸਵੇਰੇ 6:30 ਵਜੇ ਤੋਂ ਦੁਪਹਿਰ ਤਕ<br>ਅਖੰਡ ਕੀਰਤਨ ਸਮਾਗਮ ਸ਼ਾਮ 7 ਵਜੇ ਤੋਂ 10 ਵਜੇ ਤਕ |
| **18** ਮਈ ਸ਼ਨੀਵਾਰ | **ਗੁਰੂ ਨਾਨਕ ਪਬਲਿਕ ਸਕੂਲ, ਰਾਜੌਰੀ ਗਾਰਡਨ**<br>ਸਮਾਪਤੀ ਸ਼੍ਰੀ ਅਖੰਡ ਪਾਠ ਸਾਹਿਬ ਅੰਮ੍ਰਿਤ ਵੇਲੇ<br>**ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਰਾਜੌਰੀ ਗਾਰਡਨ**<br>ਕੀਰਤਨ ਆਸਾ ਦੀ ਵਾਰ ਸਵੇਰੇ 6:30 ਵਜੇ ਤੋਂ ਦੁਪਹਿਰ ਤਕ<br>ਕੀਰਤਨ ਰੈਣਿ ਸਬਾਈ 18 ਮਈ ਸ਼ਾਮ 7 ਵਜੇ ਤੋਂ 19 ਮਈ ਅੰਮ੍ਰਿਤ ਵੇਲੇ 4 ਵਜੇ ਤਕ |

### ਅੰਮ੍ਰਿਤ ਸੰਚਾਰ

ਗੁਰੂ ਨਾਨਕ ਪਬਲਿਕ ਸਕੂਲ
ਰਾਜੌਰੀ ਗਾਰਡਨ



**18** ਮਈ ਵੀਰਵਾਰ ਸ਼ਾਮ 8 ਵਜੇ ਤੋਂ

### ਨੋਟ ਕਰੋ

ਜਬ ਹਮਰੇ ਦਰਸ਼ਨ ਕੋ ਆਵਹੁ॥
ਬਨ ਸੁਚੇਤ ਤਨ ਸ਼ਸਤਰ ਸਜਾਵਹੁ॥

ਜਰੂਰੀ ਬੇਨਤੀ
ਕੀਰਤਨ ਸਮਾਗਮਾਂ ਤੇ ਗੁਰੂ ਕੇ ਬਾਣੇ ਵਿੱਚ ਸ਼੍ਰੀ ਸਾਹਿਬ ਉੱਪਰੋਂ ਸਜਾ ਕੇ ਆਵੋ ਜੀ ।

ਸਮੂੰਹ ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਆਪ ਜੀ ਦੇਸ਼ਾਂ-ਵਿਦੇਸ਼ਾਂ ਤੋਂ ਆਏ ਗੁਰੂ ਕੇ ਕੀਰਤਨੀਆਂ ਨਾਲ ਹਰਿਜਸ ਕੀਰਤਨ ਦਾ ਲਾਹਾ ਲਵੋ ਅਤੇ ਗੁਰਸਿਖਾਂ ਦੇ ਦਰਸ਼ਨ ਕਰਦੇ ਹੋਏ ਗੁਰੂ ਸਾਹਿਬ ਦੀ ਗੋਦ ਦਾ ਨਿੱਘ ਮਾਣੋ ਜੀ।

**ਅੰਮ੍ਰਿਤ ਵੇਲਾ, ਲੰਗਰ ਅਤੇ ਰਿਹਾਇਸ਼**

ਅੰਮ੍ਰਿਤ ਵੇਲਾ 12 ਵਜੇ ਤੋਂ ਅਰੰਭ ਹੋਵੇਗਾ ਅਤੇ 18 ਤਰੀਕ ਦਾ ਅੰਮ੍ਰਿਤ ਵੇਲਾ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ,ਰਾਜੌਰੀ ਗਾਰਡਨ ਵਿਖੇ ਹੋਵੇਗਾ । ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਗੁਰੂ ਨਾਨਕ ਪਬਲਿਕ ਸਕੂਲ ਰਾਜੌਰੀ ਗਰੜਨ ਵਿਖੇ ਹੋਵੇਗਾ। ਸਕੂਲ ਅਤੇ ਗੁਰਦੁਆਰਾ ਸਾਹਿਬ ਵਿੱਚ ਜਾਣ-ਆਉਣ ਲਈ ਟਰਾਂਸਪੋਰਟ ਦਾ ਪ੍ਰਬੰਧ ਕੀਤਾ ਗਿਆ ਹੈ ਜੀ ।

## ਅਖੰਡ ਕੀਰਤਨੀ ਜੱਥਾ ਦਿੱਲੀ

ਸਹਿਯੋਗੀ : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਰਾਜੌਰੀ ਗਾਰਡਨ

9899006748
9810363924
9958446292

AKJ.ORG LIVE



# ਸਾਲਾਨਾ ਅਖੰਡ ਕੀਰਤਨ ਸਮਾਗਮ

ਮਿਤੀ 14.06.2024 ਤੋਂ 16.06.2024 ਤੱਕ ਗੁਰਦੁਆਰਾ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰੱਸਟ) ਕੁਮਾਰਹੱਟੀ ਵਿਖੇ ਹੋਣਗੇ। ਸੰਗਤਾਂ ਪ੍ਰਤੀ ਪ੍ਰੇਮ ਸਾਹਿਤ ਬੇਨਤੀ ਹੈ ਕਿ ਸਮਾਗਮ ਵਿੱਚ ਹਾਜਰੀਆਂ ਭਰਕੇ ਖੁਸ਼ੀਆਂ ਲਈਆਂ ਜਾਣ ਤੇ ਇਸ ਪੱਵਿਤਰ ਸਥਾਨ ਤੇ ਦਰਸ਼ਨ ਪਰਸਨ ਕਰਕੇ ਅਪਣਾ ਜੀਵਨ ਸਫਲਾ ਕੀਤਾ ਜਾਵੇ। ਜਿਸ ਦੇ ਪ੍ਰਬੰਧਕ ਅਤੀ ਰਿਣੀ ਤੇ ਧੰਨਵਾਦੀ ਹੋਣਗੇ।

| | |
|---|---|
| 14 ਜੂਨ 2024<br>ਦਿਨ ਸ਼ੁਕਰਵਾਰ | ਕੀਰਤਨ ਸ੍ਰੀ ਆਸਾ ਦੀ ਵਾਰ ਸਵੇਰੇ 6.00 ਵਜੇ ਤੋਂ ਲੈ ਕੇ 9 ਵਜੇ ਤੱਕ, ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ |
| 15 ਜੂਨ 2024<br>ਦਿਨ ਸ਼ਨੀਵਾਰ | ਅਖੰਡ ਕੀਰਤਨ ਸ਼ਾਮ ਨੂੰ 5.00 ਵਜੇ ਤੋਂ ਰਾਤ 9.00 ਵਜੇ ਤੱਕ, ਗੁਰਦੁਆਰਾ ਸਾਹਿਬ ਡਗਸ਼ਈ |
| 16 ਜੂਨ 2024<br>ਦਿਨ ਐਤਵਾਰ | ਭੋਗ ਸ੍ਰੀ ਅਖੰਡ ਪਾਠ ਸਾਹਿਬ ਅੰਮ੍ਰਿਤ ਵੇਲੇ 5.00 ਵਜੇ, ਉਪਰੰਤ ਦਿਵਸ ਸੁਹੇਲਾ ਅਖੰਡ ਕੀਰਤਨ ਦੁਪਿਹਰ 2.30 ਵਜੇ ਤੱਕ ਗੁਰਦੁਆਰਾ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰੱਸਟ) ਕੁਮਾਰਹੱਟੀ |

ਅੰਮ੍ਰਿਤ ਵੇਲਾ 15 ਜੂਨ ਅਤੇ 16 ਜੂਨ 2024 ਨੂੰ ਸਵੇਰੇ 12 ਵਜੇ ਤੋਂ 3 ਵਜੇ ਤਕ ਗੁਰਦੁਆਰਾ ਤਪੋਵਨ ਭਾਈ ਸਾਹਿਬ ਭਾਈ ਰਣਧੀਰ ਸਿੰਘ (ਟਰੱਸਟ) ਕੁਮਾਰਹੱਟੀ ਵਿਖੇ ਹੋਣਗੇ।

ਨੋਟ: 16 ਜੂਨ 2024 ਨੂੰ ਕੀਰਤਨ ਸਮਾਗਮ ਦਾ ਸਿੱਧਾ ਪ੍ਰਸਾਰਣ www.akj.org ਤੇ ਕੀਤਾ ਜਾਵੇਗਾ

**ਦਾਸਰੇ - ਅਖੰਡ ਕੀਰਤਨੀ ਜੱਥਾ (ਰਜਿ.) ਚੰਡੀਗੜ੍ਹ**

ਸੰਪਰਕ - 9814300245, 7528900045, 8708958920, 7986979969, 7973693197, 9897004111

## ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਸ਼ਿਮਲਾ

ਹਰ ਸਾਲ ਦੀ ਤਰ੍ਹਾਂ ਸ਼ਿਮਲਾ ਵਿਖੇ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 25.07.2024 ਤੋਂ ਲੈ ਕੇ 28.07.2024 ਤਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ਼ਿਮਲਾ ਵਿਖੇ ਹੋ ਰਹੇ ਹਨ, ਜਿਸਦਾ ਵੇਰਵਾ ਅਗਲੇ ਪਰਚੇ ਵਿੱਚ ਦਿੱਤਾ ਜਾਵੇਗਾ ਜੀ। ਸੰਗਤਾਂ ਨੋਟ ਕਰ ਲੈਣ ਜੀ।

**ਦਾਸਰੇ : ਅਖੰਡ ਕੀਰਤਨ ਜੱਥਾ (ਰਜਿ.) ਚੰਡੀਗੜ੍ਹ।**

ਮੋਬਾਇਲ : 98143-00245, 7528900045, 8708958920

## ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸੁ ॥
















ਸਾਲਾਨਾ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਹੋਲਾ ਮਹੱਲਾ ਮਿਤੀ 23.03.2024 ਤੋਂ ਲੈ ਕੇ 26.03.2024 ਤਕ ਅਖੰਡ ਕੀਰਤਨੀ ਜੱਥਾ, ਅਨੰਦਪੁਰ ਸਾਹਿਬ ਵੱਲੋਂ ਕਲਗੀਧਰ ਕੀਰਤਨ ਦਰਬਾਰ, ਗੁਰਦੁਆਰਾ ਕਿਲਾ ਲੋਹਗੜ੍ਹ ਸਾਹਿਬ ਰੋੜ, ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ, ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

Registered with the Registrar
of News Papers of India
Regd. No. R-70727/99

**ATAM RANG**
May - 2024

Postal Regd. No.
CHDG/0025/2024-26

**ਮਨ ਹਰਿ ਕੀਰਤਿ ਕਰਿ ਸਦਹੂੰ ॥**
**ਗਾਵਤ ਸੁਨਤ ਜਪਤ ਉਧਾਰੈ ਬਚਨ ਅਬਰਨਾ ਕਬਹੂੰ ॥**








ਸਾਲਾਨਾ ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਹੋਲਾ ਮਹੱਲਾ ਮਿਤੀ 23.03.2024 ਤੋਂ ਲੈ ਕੇ 26.03.2024 ਤਕ ਅਖੰਡ ਕੀਰਤਨੀ ਜੱਥਾ, ਅਨੰਦਪੁਰ ਸਾਹਿਬ ਵੱਲੋਂ ਕਲਗੀਧਰ ਕੀਰਤਨ ਦਰਬਾਰ, ਗੁਰਦੁਆਰਾ ਕਿਲਾ ਲੋਹਗੜ੍ਹ ਸਾਹਿਬ ਰੋਡ, ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ, ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

Printed By: Jai Offset Printers Chd. 0172-4616905